# ਕੈਨੇਡਾ ਦਰਪਣ

ਜੁਲਾਈ 25, 1986

**July 25, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING JULY 25, 1986 Vol. 5 No. 28 Price 35¢ Out of Greater Vancouver 50¢ Ph. (604)581-4473

**ਨੇੜੇ-ਤੇੜੇ**



ਸਿੱਧੀ ਗੱਲ ਹੈ ਪੂਰੇ ਦਲ ਦੀ ਪ੍ਰਧਾਨਗੀ ਪੂਰੀ ਭੁੱਖ ਤੇ ਅੱਧੇ ਦਲ ਦੀ ਅੱਧੀ ।

# ਅਹਿਮਦਾਬਾਦ ਫਿਰਕੂ ਅੱਗ ਵਿਚ 66 ਮਰੇ

# ਅਹਿਮਦਾਬਾਦ ਤੇ ਬੜੋਦਾ ਕਰਫੀਊ ਅਧੀਨ

ਅਹਿਮਦਾਬਾਦ — ਇਥੇ ਭੜਕੇ ਫਿਰਕੂ ਫਸਾਦਾਂ ਵਿਚ 66 ਵਿਅਕਤੀ ਮਾਰੇ ਜਾ ਚੁਕੇ ਹਨ ਅਤੇ ਅਹਿਮਦਾਬਾਦ ਅਤੇ ਬੜੋਦਾ ਵਿਚ ਕਰਫੀਊ ਲਾਗੂ ਹੈ। ਖਬਰਾਂ ਅਨੁਸਾਰ 5000 ਦੀ ਨੀਮ-ਫੌਜੀ ਨਫਰੀ ਇਸ ਸਮੇਂ ਦੋਵਾਂ ਸ਼ਹਿਰਾਂ ਵਿਚ ਗਸ਼ਤ ਕਰ ਰਹੀ ਹੈ ਪਰ ਫਿਰ ਵੀ ਛੁਰਿਆਂ ਨਾਲ ਮੌਤਾਂ ਹੋ ਰਹੀਆਂ ਹਨ - ਅੱਗਾਂ ਲਗਾਈਆਂ ਜਾ ਰਹੀਆਂ ਹਨ ਅਤੇ ਹਿੰਦੂ ਅਤੇ ਮੁਸਲਮਾਨ ਜਨੂੰਨੀਆਂ ਵਿਚਕਾਰ ਫਿਰਕੂ ਜੰਗ ਲੜੀ ਜਾ ਰਹੀ ਹੈ। ਜ਼ਖਮੀਆਂ ਨਾਲ ਹਸਪਤਾਲ ਭਰੇ ਪਏ ਹਨ ।

## ਦੋ ਜਿਉਂਦੇ ਜਾਲ ਦਿਤੇ

ਪੀ. ਟੀ. ਆਈ. ਦੀ ਖਬਰ ਅਨੁਸਾਰ ਦੋ ਵਿਅਕਤੀ ਫਿਰਕੂ ਭੀੜ ਨੇ ਮਿੱਟੀ ਦਾ ਤੇਲ ਪਾ ਕੇ ਜਿਉਂਦੇ ਜਾਲ ਦਿਤੇ । ਪਿਛਲੇ ਹਫਤੇ ਤੋਂ ਚਲ ਰਹੇ ਇਨ੍ਹਾਂ ਫਸਾਦਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ । 25 ਸਾਲਾਂ ਦੇ ਦੋ ਯੁਵਕਾਂ ਨੂੰ ਉਸ ਸਮੇਂ ਮਿੱਟੀ ਦਾ ਤੇਲ ਛਿੜਕ ਕੇ ਜਾਲਿਆ ਗਿਆ ਜਦੋਂ ਉਹ ਹਸਪਤਾਲ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਦੇਖਣ ਲਈ ਗਏ ।

## ਪੰਜਾਂ ਦਾ ਪ੍ਰਵਾਰ ਕਤਲ

ਇਸੇ ਦੌਰਾਨ ਇਕ ਮੁਸਲਮਾਨ ਪ੍ਰਵਾਰ ਦੇ ਪੰਜ ਜੀਆਂ ਨੂੰ ਇਕ ਘਰ ਵਿਚੋਂ ਧੂਹ ਕੇ ਬਾਹਰ ਕੱਢਿਆ ਗਿਆ ਅਤੇ ਅੱਗ ਲਾ ਕੇ ਜਿਉਂਦਿਆਂ ਨੂੰ ਸਾੜਿਆ ਗਿਆ ।

## ਬਾਦਲ ਨੂੰ ਚੁਣੌਤੀ

ਚੰਡੀਗੜ੍ਹ — ਪੰਜਾਬ ਦੇ ਸਹਿਕਾਰਤਾ ਮੰਤਰੀ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਸ: ਬਾਦਲ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਇਹ ਸਾਬਤ ਕਰਨ ਕਿ ਉਨ੍ਹਾਂ ਨਾਲ ਅਕਾਲੀ ਦਲ ਦੇ 340 ਡੈਲੀਗੇਟ ਹਨ । ਮੰਤਰੀ ਨੇ ਕਿਹਾ ਕਿ ਜੇਕਰ ਸ: ਬਾਦਲ ਇਹ ਸਾਬਤ ਕਰ ਦੇਣ ਕਿ ਉਨ੍ਹਾਂ ਨਾਲ ਸੌ ਤੋਂ ਵੱਧ ਡੈਲੀਗੇਟ ਹਨ ਤਾਂ ਅਕਾਲੀ ਦਲ ਦਾ ਹੁਕਮਰਾਨ ਧੜਾ ਉਨ੍ਹਾਂ ਨੂੰ ਅਕਾਲੀ ਦਲ ਦਾ ਪ੍ਰਧਾਨ ਸਵੀਕਾਰ ਕਰ ਲਏਗਾ । ਜੇਕਰ ਉਹ ਅਜਿਹਾ ਕਰਨ ਵਿਚ ਅਸਫਲ ਰਹਿਣ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸ. ਬਰਨਾਲਾ ਨੂੰ ਆਪਣਾ ਨੇਤਾ ਪ੍ਰਵਾਨ ਕਰ ਲੈਣ ਸਹਿਕਾਰਤਾ ਮੰਤਰੀ ਨੇ ਕਿਹਾ ਕਿ ਸ. ਬਾਦਲ ਦੀ ਚੋਣ ਵੀ ਅਕਾਲੀ ਦਲ ਦੀਆਂ ਰਵਾਇਤਾਂ ਦੇ ਵਿਰੁਧ ਹੈ। ਇਸ ਤੋਂ ਪਹਿਲਾਂ ਕਦੇ ਵੀ ਗੈਰ ਅੰਮ੍ਰਿਤਧਾਰੀ ਦਲ ਦਾ ਪ੍ਰਧਾਨ ਨਹੀਂ ਬਣਿਆ । ਸ. ਬਾਦਲ ਦੀ ਚੋਣ ਸਿਖ ਸਿਧਾਂਤਾਂ ਦੇ ਵੀ ਵਿਰੁਧ ਹੈ ਜਿਸ ਵਿਚ ਜਗੀਰਦਾਰੀ ਦੀ ਸਖਤ ਨਿਖੇਧੀ ਕੀਤੀ ਗਈ ਹੈ। ਕੋਈ ਵੀ ਅੰਮ੍ਰਿਤਧਾਰੀ ਸਿੱਖ ਕਿਸੇ ਗੈਰ ਅੰਮ੍ਰਿਤਧਾਰੀ ਜਗੀਰਦਾਰ ਨੂੰ ਅਕਾਲੀ ਦਲ ਦਾ ਨੇਤਾ ਨਹੀਂ ਸਵੀਕਾਰ ਕਰੇਗਾ ।

# ਬੂਟਾ ਸਿੰਘ ਨੇ ਡਿਸਾਈ ਕਮਿਸ਼ਨ ਦੇ ਫੈਸਲੇ ਲਈ ਸਮਾਂ ਵਧਾ ਦਿੱਤਾ

## ਪੰਜਾਬ ਸਰਕਾਰ ਵਲੋਂ ਕਮਿਸ਼ਨ ਦਾ ਬਾਈਕਾਟ ਜਾਰੀ

ਨਵੀਂ ਦਿੱਲੀ — 15 ਜੁਲਾਈ ਨੂੰ ਭਾਰਤ ਦੇ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਇਕ ਨਵਾਂ ਨੋਟੀਫੀਕੇਸ਼ਨ ਜਾਰੀ ਕਰਦਿਆਂ ਕਿਹਾ ਕਿ ਚੰਡੀਗੜ੍ਹ ਦੇ ਫੈਸਲੇ ਲਈ ਨੀਯਤ ਕੀਤੇ ਤੀਜੇ ਕਮਿਸ਼ਨ ਦੀ ਮਿਆਦ ਅਣਮਿਥੇ ਸਮੇਂ ਲਈ ਵਧਾ ਦਿਤੀ ਹੈ ਕਿਉਂਕਿ ਪੰਜਾਬ ਦੀ ਅਕਾਲੀ ਸਰਕਾਰ ਨੇ ਕਮਿਸ਼ਨ ਦੀ ਹੋਂਦ ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿਤਾ ਹੈ। ਡਿਸਾਈ ਕਮਿਸ਼ਨ ਆਪਣੀਆਂ ਬੈਠਕਾਂ ਜਾਰੀ ਰੱਖੇਗਾ ਅਤੇ 25,000 ਏਕੜ ਇਲਾਕੇ ਦੀ ਨਿਸ਼ਾਨਦੇਹੀ ਕਰਕੇ ਪਿੰਡਾਂ ਦੀ ਭਾਲ ਕਰੇਗਾ ਜੋ ਹਿੰਦੀ-ਬੋਲਦੇ ਹਨ ਅਤੇ ਚੰਡੀਗੜ੍ਹ ਦੀ ਥਾਂ ਉਤੇ ਦਿਤੇ ਜਾਣੇ ਹਨ। ਵੈਂਕਟਰਮਈਆ ਕਮਿਸ਼ਨ ਨੇ 45,000 ਏਕੜ ਦੀ ਨਿਸ਼ਾਨਦੇਹੀ ਪਹਿਲਾਂ ਕਰ ਦਿਤੀ ਹੋਈ ਹੈ ।

## ਪੰਜਾਬ ਸਰਕਾਰ ਵਲੋਂ ਹੈਰਾਨੀ

ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਬੂਟਾ ਸਿੰਘ ਦੇ ਬਿਆਨ ਉਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਡਿਸਾਈ ਕਮਿਸ਼ਨ ਫੈਸਲਾ ਕਾਹਦਾ ਕਰੇਗਾ ਜਦਕਿ ਪੰਜਾਬ ਸਰਕਾਰ ਡਿਸਾਈ ਕਮਿਸ਼ਨ ਨੂੰ ਹੀ ਨਹੀਂ ਮੰਨਦੀ । ਉਨ੍ਹਾਂ ਕਿਹਾ ਕਿ ਵਜ਼ਾਰਤ ਇਹ ਫੈਸਲਾ ਪਹਿਲਾਂ ਹੀ ਕਰ ਚੁਕੀ ਹੈ ਕਿ ਅਸੀਂ ਡਿਸਾਈ ਕਮਿਸ਼ਨ ਦਾ ਬਾਈਕਾਟ ਜਾਰੀ ਰੱਖਾਂਗੇ ।

## ਪ੍ਰਧਾਨ ਮੰਤਰੀ ਵਲੋਂ ਗੱਲਬਾਤ ਦੀ ਪੇਸ਼ਕਸ਼

ਸ੍ਰੀ ਰਾਜੀਵ ਗਾਂਧੀ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਸਰਕਾਰ 'ਬਾਗੀ' ਅਕਾਲੀਆਂ ਨਾਲ ਗੱਲਬਾਤ ਲਈ ਵੀ ਤਿਆਰ ਹੈ। ਉਨ੍ਹਾਂ ਕਿਹਾ ਸਾਡਾ ਮਕਸਦ ਪੰਜਾਬ ਦੀ ਵਿਗੜੀ ਹੋਈ ਸਥਿਤੀ ਨੂੰ ਸੁਧਾਰਨਾ ਹੈ। ਇਸ ਲਈ ਜੋ ਵੀ ਪਾਰਟੀ ਭਾਰਤ ਸਰਕਾਰ ਨਾਲ ਗੱਲਬਾਤ ਕਰਨਾ ਚਾਹੇ — ਗੱਲਬਾਤ ਕੀਤੀ ਜਾ ਸਕਦੀ ਹੈ। ਯਾਦ ਰਹੇ ਕਿ ਕੁਝ ਏਲਚੀ ਇਸ ਗੱਲ ਲਈ ਕੋਸ਼ਿਸ਼ ਕਰ ਰਹੇ ਹਨ ਕਿ ਬਾਦਲ ਅਕਾਲੀ ਦਲ ਨਾਲ ਰਾਜੀਵ ਗਾਂਧੀ ਦੀ ਗੱਲਬਾਤ ਕਰਵਾਈ ਜਾ ਸਕੇ ।

## ਬਾਦਲ ਤੇ ਟੌਹੜਾ ਵਲੋਂ ਪੇਸ਼ਕਸ਼ ਪ੍ਰਵਾਨ

ਚੰਡੀਗੜ੍ਹ ਤੋਂ ਮਿਲੀ ਖਬਰ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਨੇ ਇਥੇ ਕਿਹਾ ਕਿ ਉਹ ਪੰਜਾਬ ਮਸਲੇ ਦੇ ਹੱਲ ਲਈ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਤਿਆਰ ਹਨ । ਉਨ੍ਹਾਂ ਸ਼ਰਤ ਲਾਈ ਕਿ ਪਹਿਲਾਂ ਜੇਲ੍ਹਾਂ ਵਿਚ ਬੰਦ ਸਾਰੇ ਵਿਅਕਤੀ ਰਿਹਾ ਕੀਤੇ ਜਾਣ ।

## ਪੰਜਾਬ ਵਿਚ ਰਾਜਸੀ ਸਰਗਰਮੀਆਂ ਤੇਜ਼

ਸਾਡੇ ਪ੍ਰਤੀਨਿਧ ਅਨੁਸਾਰ ਪੰਜਾਬ ਵਿਚ ਰਾਜਸੀ ਸਰਗਰਮੀਆਂ ਕਾਫੀ ਤੇਜ਼ ਹਨ। ਵਿੱਤ ਮੰਤਰੀ ਬਲਵੰਤ ਸਿੰਘ ਨੇ ਪਿਛਲੇ ਦਿਨ ਅਮਰਿੰਦਰ ਸਿੰਘ ਅਤੇ ਸੁਖਜਿੰਦਰ ਸਿੰਘ ਨਾਲ ਬੰਦ ਕਮਰੇ ਵਿਚ ਮੁਲਾਕਾਤਾਂ ਕੀਤੀਆਂ । ਜਿਨ੍ਹਾਂ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਬਰਨਾਲਾ ਨੂੰ ਮੁਖ ਮੰਤਰੀ ਵਜੋਂ ਹਟਾਉਣ ਦੇ ਯਤਨ ਕਾਫੀ ਤੇਜ਼ੀ ਨਾਲ ਸ਼ੁਰੂ ਹੋ ਗਏ ਹਨ । ਬਲਵੰਤ ਸਿੰਘ ਬਾਰੇ ਇਕ ਕਿਆਫ਼ੇ ਲਾਏ ਜਾ ਰਹੇ ਹਨ ਕਿ ਸ਼ਾਇਦ ਉਸਨੂੰ ਬਰਨਾਲਾ ਨਾਲੋਂ ਤੋੜਨ ਲਈ ਮੁਖ ਮੰਤਰੀ ਦਾ ਅਹੁਦਾ ਵੀ ਪੇਸ਼ ਕੀਤਾ ਜਾਵੇ ।

ਡੈਲਟਾ-ਸਰੀ ਵਿਚ ਗਹਿਣੇ ਬਨਾਉਣ ਦੀ ਪਹਿਲੀ ਦੁਕਾਨ

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

ਸਾਡੇ ਕੋਲ ਚਾਂਦੀ ਦੇ ਗਹਿਣੇ ਸਪੈਸ਼ਲ ਤੇ ਵੱਖਰੇ ਵੱਖਰੇ ਡੀਜ਼ਾਈਨਾਂ ਵਿਚ ਹਨ - ਆਓ ਤੇ ਆ ਕੇ ਦੇਖੋ

PH. 588-5808

ਏ. ਸੀ. ਜਿਊਲਰਜ਼.



ਫਗਵਾੜੇ ਵਾਲਿਆਂ ਦੀ ਦੁਕਾਨ

9373 - 120 St. Delta, B.C.

# ਮਾਲੇਰਕੋਟਲਾ ਤੋਂ ਪਾਕਿ ਨੂੰ ਹਰ ਰੋਜ਼ ਹਜ਼ਾਰਾਂ ਰੁਪੈ ਦੇ ਮਾਲ ਦੀ ਸਮਗਲਿੰਗ

ਮਲੇਰਕੋਟਲਾ — ਇਥੋਂ ਲੱਖਾਂ ਰੁਪਏ ਦਾ ਕਰਿਆਨੇ ਦਾ ਸਮਾਨ ਪਾਕਿਸਤਾਨ ਨੂੰ ਸਮਗਲ ਕੀਤਾ ਜਾਂਦਾ ਹੈ। ਇਥੋਂ ਦੇ ਤੇਲੀਆ ਬਜ਼ਾਰ ਵਿਚ ਇਸ ਮਾਲ ਨੂੰ ਸਮਗਲ ਕਰਨ ਦੇ ਵਪਾਰੀਆਂ ਦਾ ਅੱਡਾ ਬਣਿਆ ਹੋਇਆ ਹੈ। ਇਹ ਬਜ਼ਾਰ ਸਬਜ਼ੀ ਮੰਡੀ ਬਜ਼ਾਰ ਹੈ। ਸ਼ਾਮ ਤੱਕ ਇਥੇ ਸਬਜ਼ੀ ਵਿਕਦੀ ਹੈ ਅਤੇ ਰਾਤ ਨੂੰ ਇਥੇ ਸਮਗਲਿੰਗ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਸਮਗਲਰਾਂ ਨੇ ਆਪਣੇ ਮਕਾਨਾਂ ਵਿਚ ਹੀ ਗੁਦਾਮ ਖੋਲ੍ਹੇ ਹੋਏ ਹਨ। ਇਥੋਂ ਕਰਿਆਨੇ ਦੀਆਂ ਉਹ ਚੀਜ਼ਾਂ ਪਾਕਿਸਤਾਨ ਨੂੰ ਭੇਜੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਰੇਟ ਪਾਕਿਸਤਾਨ ਵਿਚ ਇਥੋਂ ਨਾਲੋਂ ਚੌਗੁਣਾ ਹੈ। ਜਿਵੇਂ ਕਿ ਖਸਖਸ, ਪਾਨ, ਛੋਟੀ ਇਲਾਇਚੀ ਆਦਿ। ਵਰਨਣਯੋਗ ਹੈ ਕਿ ਮਲੇਰ ਕੋਟਲਾ ਤੋਂ 20-25 ਪਰਿਵਾਰ ਹਰ ਰੋਜ਼ ਪਾਕਿਸਤਾਨ ਨੂੰ ਜਾਂਦੇ ਹਨ। ਇਹ ਪਰਿਵਾਰ ਇਥੋਂ ਇਹ ਵਸਤੂਆਂ ਖਰੀਦ ਕੇ ਲੈ ਕੇ ਜਾਂਦੇ ਹਨ ਅਤੇ ਇਨ੍ਹਾਂ ਦੇ ਬਦਲੇ ਉਥੋਂ ਪਾਕਿਸਤਾਨੀ ਕੱਪੜਾ, ਬਦਾਮਾਂ ਦੀ ਗਿਰੀ ਅਤੇ ਦਾਖਾਂ ਆਦਿ ਲੈ ਕੇ ਆਉਂਦੇ ਹਨ। ਇਸ ਤਰ੍ਹਾਂ ਸੇਲਜ਼ ਟੈਕਸ ਮਹਿਕਮੇ ਦੀਆਂ ਅੱਖਾਂ ਵਿਚ ਮਿੱਟੀ ਪਾ ਕੇ ਅਤੇ ਸੈਂਟਰਲ ਐਕਸਸਾਈਜ਼ ਮਹਿਕਮੇ ਨੂੰ ਧੋਖਾ ਦੇ ਕੇ ਇਥੋਂ ਲੱਖਾਂ ਰੁਪਏ ਦਾ ਮਾਲ ਰੋਜ਼ਾਨਾ ਪਾਕਿਸਤਾਨ ਨੂੰ ਸਮਗਲ ਕੀਤਾ ਜਾਂਦਾ ਹੈ। ਪਤਾ ਲੱਗਾ ਹੈ ਕਿ ਬਾਘਾ ਸੀਮਾ ਤੇ ਇਨ੍ਹਾਂ ਸਮਗਲਰਾਂ ਨੇ ਮਿਲੀ ਭੁਗਤ ਕੀਤੀ ਹੋਈ ਹੈ। ਇਸੇ ਬਜ਼ਾਰ ਵਿਚ ਕੁਝ ਦੁਕਾਨਾਂ ਅਜਿਹੀਆਂ ਹਨ ਜਿਥੇ ਕਿ ਪਾਕਿਸਤਾਨ ਤੋਂ ਸਮਗਲ ਕੀਤਾ ਕੱਪੜਾ ਵੇਚਿਆ ਜਾਂਦਾ ਹੈ। ਇਹ ਕੱਪੜਾ ਪਾਕਿਸਤਾਨ ਵਿਚ ਅੱਠ ਤੋਂ ਦਸ ਰੁਪਏ ਮੀਟਰ ਮਿਲਦਾ ਹੈ ਜਦੋਂ ਕਿ ਇਥੋਂ ਇਹੋ ਕੱਪੜਾ ਤੀਹ ਤੋਂ ਪੈਂਤੀ ਰੁਪਏ ਮੀਟਰ ਦੇ ਹਿਸਾਬ ਨਾਲ ਵੇਚਿਆ ਜਾਂਦਾ ਹੈ। ਜੋ ਲੋਕ ਕਰਿਆਨੇ ਦਾ ਸਮਾਨ ਲੈ ਕੇ ਜਾਂਦੇ ਹਨ ਉਹ ਉਥੋਂ ਕੱਪੜਾ ਲਿਆ ਕੇ ਇਸੇ ਬਜ਼ਾਰ ਵਿਚ ਵੇਚ ਦਿੰਦੇ ਹਨ। ਪਾਕਿਸਤਾਨੀ ਕੱਪੜੇ ਦੀ ਇਸ ਸਮਗਲਿੰਗ ਤੋਂ ਇਥੋਂ ਦੇ ਕੱਪੜਾ ਵਪਾਰੀ ਬਹੁਤ ਦੁਖੀ ਹਨ ਕਿਉਂਕਿ ਪਾਕਿਸਤਾਨੀ ਕੱਪੜਾ ਵਧੀਆ ਤੇ ਸਸਤਾ ਹੋਣ ਕਰਕੇ ਅੱਜ ਕਲ੍ਹ ਲੋਕ ਜ਼ਿਆਦਾ ਖਰੀਦਣ ਲਗ ਪਏ ਹਨ। ਇਸ ਕੱਪੜੇ ਨੂੰ ਵੇਚਣ ਦਾ ਇਕ ਹੋਰ ਢੰਗ ਅਪਣਾਇਆ ਹੋਇਆ ਹੈ, ਇਸ ਕੰਮ ਲਈ ਔਰਤਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਜੋ ਕਿ.ਗਠੜੀਆਂ ਵਿਚ ਕੱਪੜਾ ਬੰਨ੍ਹ ਕੇ ਘਰ ਘਰ ਜਾ ਕੇ ਵੇਚਦੀਆਂ ਹਨ। ਇਸ ਤਰ੍ਹਾਂ ਹਰ ਰੋਜ਼ ਸਰਕਾਰ ਨੂੰ ਹਜ਼ਾਰਾਂ ਰੁਪਏ ਦਾ ਚੂਨਾ ਲਗਾਇਆ ਜਾਂਦਾ ਹੈ।

# ‘ਪ੍ਰਾਵਦਾ’ ਵਲੋਂ ਪਾਕਿ ਦੇ ਰੋਲ ਦੀ ਨਿਖੇਧੀ

ਮਾਸਕੋ — ਰੂਸੀ ਅਖਬਾਰ ‘ਪ੍ਰਾਵਦਾ’ ਨੇ ਪਾਕਿਸਤਾਨ ਸਰਕਾਰ ਉਤੇ ਦੋਸ਼ ਲਾਇਆ ਕਿ ਅਫਗਾਨਿਸਤਾਨ ਵਿਰੁਧ ਬਿਨਾਂ ਐਲਾਨੀ ਜੰਗ ਨੂੰ ਭੜਕਾਅ ਰਿਹਾ ਹੈ, ਜਦਕਿ ਉਹ ਇਸ ਵਿਚ ਹਿੱਸੇਦਾਰ ਹੋਣ ਦੀ ਜ਼ਿੰਮੇਵਾਰੀ ਤੋਂ ਬਚ ਰਿਹਾ ਹੈ। ਅਖਬਾਰ ਪਾਕਿਸਤਾਨ ਦੇ ਬਦੇਸ਼ ਰਾਜ ਮੰਤਰੀ ਵਲੋਂ ਰਾਸ਼ਟਰੀ ਅਸੰਬਲੀ ਵਿਚ ਦਿੱਤੇ ਗਏ ਇਸ ਬਿਆਨ ਉਤੇ ਟਿੱਪਣੀ ਕਰ ਰਿਹਾ ਸੀ ਕਿ ਪਾਕਿਸਤਾਨੀ ਇਲਾਕੇ ਵਿਚ ਅਫਗਾਨ ਬਾਗੀਆਂ ਨੂੰ ਸਿਖਲਾਈ ਦੇਣ ਦਾ ਦੋਸ਼ ਗਲਤ ਹੈ। ‘ਪ੍ਰਾਵਦਾ’ ਨੇ ਦੋਸ਼ ਲਾਇਆ ਕਿ ਪਾਕਿਸਤਾਨ ਦੇ ਅੰਦਰ ਦਰਜਨਾਂ ਕੈਂਪਾਂ ਵਿਚ ਬਾਗੀਆਂ ਨੂੰ ਹਰ ਸਾਲ ਅਮਰੀਕੀ ਅਤੇ ਪਾਕਿਸਤਾਨ ਮਾਹਰਾਂ ਵਲੋਂ ਸਿਖਲਾਈ ਦਿਤੀ ਜਾ ਰਹੀ ਹੈ। ਇਨ੍ਹਾਂ ਬਾਗੀਆਂ ਨੂੰ ਬਦੇਸ਼ਾਂ ਤੋਂ ਆਏ ਹਥਿਆਰ ਅਤੇ ਗੋਲੀ ਸਿੱਕਾ ਵੀ ਮੁਹੱਈਆ ਕੀਤਾ ਜਾਂਦਾ ਹੈ।

# ਵੀਅਤਨਾਮ ਦੇ ਪ੍ਰਧਾਨ ਲੇ ਡੂਆਂ ਚਲ ਵਸੇ

ਐਮਕੌਕ — ਇਥੇ ਪੁੱਜੀਆਂ ਖਬਰਾਂ ਅਨੁਸਾਰ ਪਿਛਲੇ ਹਫਤੇ ਵੀਅਤਨਾਮ ਕਮਿਊਨਿਸਟ ਪਾਰਟੀ ਦੇ ਮੁਖੀ ਲੇ ਡੂਆਂ ਦਾ ਦਿਹਾਂਤ ਹੋ ਗਿਆ ਅਤੇ 79 ਸਾਲਾ ਟਰੂਔਂਗ ਚਿਨ੍ਹ ਨਵੇਂ ਪ੍ਰਧਾਨ ਬਣਾਏ ਗਏ ਹਨ।

ਵਾਇਸ ਆਫ ਵੀਅਤਨਾਮ’ ਅਨੁਸਾਰ ਟਰੂਔਂਗ ਚਿਨ੍ਹ ਨੂੰ ਸਰਬਸੰਮਤੀ ਨਾਲ ਕਮਿਊਨਿਸਟ ਪਾਰਟੀ ਦਾ ਮੁੱਖੀ ਚੁਣਿਆ ਗਿਆ। ਉਹ ਪੋਲਿਟ ਬਿਊਰੋ ਦੇ ਵੀ ਮੁਖੀ ਹੋਣਗੇ।

# ਕੇਂਦਰ ਸਮਝੌਤੇ ਤੋਂ ਮੁੱਕਰ ਗਿਆ — ਹੁਣ ਚੰਡੀਗੜ੍ਹ ਨੂੰ ਛੱਡ ਦਿਤਾ ਜਾਏ — ਨਲੀਨੀ

ਪਟਿਆਲਾ — ‘ਹੁਣ ਤਾਂ ਅਕਾਲੀ ਦਲ ਵੀ ਇਹ ਮਹਿਸੂਸ ਕਰਦਾ ਹੈ ਕਿ ਜਦੋਂ ਕਈ ਵਾਰ ਕੇਂਦਰ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਤੋਂ ਮੁੱਕਰ ਗਿਆ ਹੈ ਤਾਂ ਇਸ ਨੂੰ ਛੱਡ ਹੀ ਦਿੱਤਾ ਜਾਵੇ। ਚੰਡੀਗੜ੍ਹ ਹਰਿਆਣੇ ਨੂੰ ਦੇ ਕੇ ਇਸ ਦੀ ਬਜਾਏ ਜੋ ਕੁਝ ਹਰਿਆਣਾ ਨੂੰ ਮਿਲ ਰਿਹਾ ਹੈ, ਉਹ ਪ੍ਰਾਪਤ ਕਰ ਲਿਆ ਜਾਵੇ।’ ਇਹ ਗੱਲ ਅਕਾਲੀ ਦਲ ਦੇ ਸੀਨੀਅਰ ਪ੍ਰਧਾਨ ਜ: ਅਮਰ ਸਿੰਘ ਨਲੀਨੀ ਨੇ ਇਕ ਵਿਸ਼ੇਸ਼ ਮੁਲਾਕਾਤ ਵਿਚ ਦੱਸੀ। ਉਨ੍ਹਾਂ ਕਿਹਾ ਕਿ ਇਕ ਤਾਂ ਚੰਡੀਗੜ੍ਹ ਦਾ ਖਰਚਾ ਵੱਧ ਹੈ, ਦੂਸਰਾ ਉਸ ਤੋਂ ਤਿੰਨ-ਚਾਰ ਵਿਧਾਨ ਸਭਾਈ ਹਲਕੇ ਬਣਦੇ ਹਨ ਉਹ ਸਭ ਗੈਰ-ਅਕਾਲੀ ਹੀ ਹੋਣਗੇ। ਜ: ਅਮਰ ਸਿੰਘ ਨਾਲੀਨੀ ਜੋ ਕਿ 18-19 ਸਾਲ ਦੀ ਉਮਰ ਵਿਚ ਹੀ ਘਰੇਲੂ ਮਾਹੌਲ ਅਤੇ ਸਿੱਖੀ ਜਜ਼ਬੇ ਅਧੀਨ ਅਕਾਲੀ ਸਿਆਸਤ ਨਾਲ ਜੁੜੇ ਹਨ, ਨੇ ਦਲ ਵੱਲੋਂ ਲਾਏ ਗਏ ਸਭ ਮੋਰਚਿਆਂ ਵਿਚ ਵੱਧ ਚੜ੍ਹਕੇ ਹਿੱਸਾ ਲਿਆ ਹੈ। 46-47 ਵਿਚ ਉਨ੍ਹਾਂ ਨੇ ਸਰਕਲ ਜਥੇਦਾਰ ਤੋਂ ਆਪਣਾ ਰਾਜਸੀ ਜੀਵਨ ਸ਼ੁਰੂ ਕੀਤਾ ਜੋ ਹੌਲੀ ਹੌਲੀ ਅਜੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਣੇ ਹਨ, ਨੇ ਕਿਹਾ ਕਿ ਸ: ਬਰਨਾਲਾ ਅਤੇ ਉਨ੍ਹਾਂ ਦੀ ਸਰਕਾਰ ਦੀਆਂ ਨੀਤੀਆਂ ਤਾਂ ਵਧੀਆ ਹਨ ਪਰ ਕੁਝ ਲੋਕਾਂ ਅਤੇ ਕੁਝ ਕੇਂਦਰ ਸਰਕਾਰ ਨੇ ਇਨ੍ਹਾਂ ਨੂੰ ਸਹਿਯੋਗ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਨੇ ਪੰਜਾਬ ਸਮਝੌਤਾ ਤਾਂ ਕੀਤਾ ਪਰ ਇਸ ਨੂੰ ਲਾਗੂ ਕਰਨ ਬਾਰੇ ਉਹ ਹਾਲੇ ਤੱਕ ਵੀ ਸੰਜੀਦਾ ਨਹੀਂ ਜਿਸ ਨਾਲ ਸਮਾਜ ਵਿਰੋਧੀਆਂ ਅਤੇ ਬਰਨਾਲਾ ਵਿਰੋਧੀਆਂ ਨੂੰ ਮੱਦਦ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਸਵਰਗੀ ਸੰਤ ਲੌਂਗੋਵਾਲ ਨੇ ਪਹਿਲੀ ਵਾਰ ਕੇਂਦਰ ਨਾਲ ਸਮਝੌਤਾ ਕੀਤਾ ਅਤੇ ਤੀਸਰੀ ਧਿਰ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ ਅਤੇ ਇਹ ਅਕਾਲੀ ਲੀਡਰਸ਼ਿਪ ਵਿਚ ਅਹਿਮ ਕ੍ਰਾਂਤੀ ਹੈ। ਜ: ਨਲੀਨੀ ਨੇ ਕਿਹਾ ਕਿ ਬਾਗੀ ਅਕਾਲੀ ਤਾਂ ਸਿਰਫ ਕੁਰਸੀਆਂ ਦੇ ਭੁੱਖੇ ਹਨ। ਉਨ੍ਹਾਂ ਕੋਲ ਕੋਈ ਨੀਤੀ ਨਹੀਂ ਹੈ। ਉਨ੍ਹਾਂ ਕੋਲ ਕੋਈ ਨਿਸ਼ਾਨਾ ਨਹੀਂ ਹੈ ਅਤੇ ਉਨ੍ਹਾਂ ਦਾ ਸਿਰਫ ਨਿਸ਼ਾਨਾ ਕੁਰਸੀ ਹਾਸਲ ਕਰਨਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਪ੍ਰਧਾਨਗੀ ਅਤੇ ਮੁੱਖ ਮੰਤਰੀ ਦਾ ਅਹੁਦਾ ਇਕ ਹੀ ਵਿਅਕਤੀ ਕੋਲ ਹੋਣੇ ਚਾਹੀਦੇ ਹਨ। ਜੇ ਅਜਿਹਾ ਨਾ ਹੁੰਦਾ ਤਾਂ ਹੁਣ ਨੂੰ ਅਕਾਲੀ ਦਲ ਦਾ ਪਹਿਲਾਂ ਵਾਂਗ ਫਿਰ ਇਤਿਹਾਸ ਦੁਹਰਾਇਆ ਜਾਂਦਾ ਅਤੇ ਸ: ਬਰਨਾਲਾ ਦੀ ਸਰਕਾਰ ਟੁੱਟ ਜਾਂਦੀ। ਜ: ਨਲੀਨੀ ਨੇ ਕਿਹਾ ਕਿ ਬਾਗੀ ਸਮਝੌਤਾ ਨਹੀਂ ਚਾਹੁੰਦੇ। ਸਮਝੌਤੇ ਲਈ ਜੋ ਉਹ ਸ਼ਰਤਾਂ ਰਖਦੇ ਹਨ, ਕਦੇ ਵੀ ਕੋਈ ਮੰਨ ਨਹੀਂ ਸਕਦਾ ਪਰ ਫੇਰ ਵੀ ‘ਅੰਦਰੂਨੀ’ ਗੱਲਬਾਤ ਚੱਲ ਰਹੀ ਹੈ।

# ਅਸਰਦਾਰ ਢੰਗ ਨਾਲ ਸਰਹੱਦ ਸੀਲ ਕਰਨ ਦਾ ਸੁਝਾਅ

ਜਲੰਧਰ — ਪਤਾ ਲੱਗਿਆ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਨੂੰ ਕਿਹਾ ਹੈ ਕਿ ਪਾਕਿਸਤਾਨ ਤੋਂ ਦਹਿਸ਼ਤਪਸੰਦਾਂ ਅਤੇ ਹਥਿਆਰਾਂ ਦੀ ਆਮਦ ਨੂੰ ਰੋਕਣ ਲਈ ਅਸਰਦਾਇਕ ਢੰਗ ਨਾਲ ਸਰਹੱਦ ਸੀਲ ਕੀਤੀ ਜਾਵੇ। ਰਾਜ ਸਰਕਾਰ ਨੇ ਕੇਂਦਰ ਸਰਕਾਰ ਨੂੰ ਇਹ ਸੁਝਾਉ ਦਿਤਾ ਹੈ ਕਿ ਸਰਹੱਦ ਨਾਲ ਲਗਦਾ ਪੰਜ ਸੌ ਮੀਟਰ ਦਾ ਇਲਾਕਾ ਕੇਂਦਰ ਸਰਕਾਰ ਹਾਸਲ ਕਰ ਲਵੇ ਅਤੇ ਬਦਲੇ ਵਿਚ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦੇਵੇ। ਕਿਸਾਨ, ਕਿਉਂਕਿ ਧੁਰ ਸਰਹੱਦ ਤਕ ਕੰਮ ਕਰਦੇ ਹਨ, ਇਸ ਲਈ ਸਰਹੱਦ ਪਾਰ ਕਰਨਾ ਬਹੁਤ ਸੁਖਾਲਾ ਹੈ।

ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਸਰਹੱਦ ਨਾਲ ਲਗਦੀ 500 ਮੀਟਰ ਪੱਟੀ ਖਰੀਦ ਕੇ ਉਥੇ ਅਸਥਾਈ ਤੌਰ ’ਤੇ ਕਰਫਿਊ ਲਗਾ ਦੇਵੇ ਕਿ ਜਿਥੇ ਸੁਰੱਖਿਆ ਦਸਤਿਆਂ ਤੋਂ ਸਿਵਾ ਕਿਸੇ ਨੂੰ ਦਾਖਲ ਹੋਣ ਦੀ ਆਗਿਆ ਨਾ ਹੋਵੇ। ਸਰਹੱਦ ਉਪਰ ਕੰਡਿਆਲੀ ਤਾਰ ਲਗਾਉਣ ਦਾ ਸੁਝਾਉ ਇਸ ਕਾਰਨ ਮੰਨਣਯੋਗ ਨਹੀਂ ਸਮਝਿਆ ਗਿਆ ਕਿਉਂਕਿ ਇਸ ਉਪਰ ਖਰਚ ਬਹੁਤ ਜ਼ਿਆਦਾ ਆਉਣਾ ਸੀ।

ਮੈਂ ਆਸ਼ਿਕ ਹਾਂ, ਇਸ ਜ਼ਿੰਦਗੀ ਦਾ ਮਗਰ !
ਕਹੋ ! ਫ਼ਰਜ਼ ਆਪਣਾ ਨਿਭਾਵਾਂ ਕਿਵੇਂ !


ਮਰਕਰੀ - ਲਿੰਕਨ ਦੀਆਂ ਕਾਰਾਂ, ਫੋਰਡ ਟਰੱਕਾਂ
ਦੀਆਂ ਕਤਾਰਾਂ ਦੇਖਣ ਲਈ ਅੱਜ ਹੀ
ਗੁਰਦੀਪ ਮੁੱਤੀ ਨੂੰ ਫੋਨ ਕਰੋ



ਗੁਰਦੀਪ (ਗੋਰਡੀ) ਮੁੱਤੀ

Used ਕਾਰਾਂ ਦੀ ਕੀਮਤ $299 ਤੋਂ ਸ਼ੁਰੂ ਹੁੰਦੀ ਹੈ।
ਆਪ ਆ ਕੇ ਮਿਲੋ ਜਾਂ ਅੱਜ ਹੀ ਫੋਨ ਕਰੋ
BUS. 520-3055 RES. 521-2184

Ford MERCURY LINCOLN
Ph. 520-3055
301 STEWARDSON WAY, NEW WESTMINSTER, B.C. V3M 2A5

New-West Lincoln Mercury
12th & 3rd Ave. New Westminister, B.C.



ਬਰਨਬੀ ਵਿਚ ਨਵਾਂ ਗਰੌਸਰੀ ਸਟੋਰ

ਸੈਂਟਰਲ ਮਾਰਕਿਟ

ਹੁਣ ਤੁਸੀਂ ਹਰ ਕਿਸਮ ਦੀ ਭਾਰਤੀ ਗਰੌਸਰੀ, ਵਧੀਆ ਅਤੇ ਵਾਜਬ ਕੀਮਤਾਂ ਵਿਚ ਇਥੋਂ
ਪ੍ਰਾਪਤ ਕਰੋ — ਤਾਜ਼ੀਆਂ ਸਬਜ਼ੀਆਂ ਵੀ ਮਿਲ ਸਕਦੀਆਂ ਹਨ
ਸਟੋਰ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ — ਸਵੇਰੇ 9.00 ਵਜੇ ਤੋਂ ਸ਼ਾਮ ਦੇ 9.00 ਵਜੇ ਤੱਕ

CENTRAL MARKET

7421 Edmonds Street, BURNABY, B.C.

Ph. 521-7903

# ਬਾਦਲ, 22 ਹੋਰਾਂ ਵੱਲੋਂ ਸਪੀਕਰ ਦੇ ਫੈਸਲੇ ਨੂੰ ਚੁਣੌਤੀ

ਚੰਡੀਗੜ੍ਹ — ਨਵੇਂ ਅਕਾਲੀ ਦਲ ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਅਤੇ 22 ਹੋਰਨਾਂ ਵਿਧਾਇਕਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਰਿੱਟ ਪਟੀਸ਼ਨ ਦਾਇਰ ਕਰਕੇ ਅਕਾਲੀ ਦਲ ਵਿਧਾਇਕ ਪਾਰਟੀ ਦੇ ਵੱਖ ਹੋਏ ਗਰੁਪ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਨੂੰ ਮਾਨਤਾ ਨਾ ਦੇਣ ਦੀ ਸਪੀਕਰ ਸੁਰਜੀਤ ਸਿੰਘ ਮਿਨਹਾਸ ਦੀ ਕਾਰਵਾਈ ਨੂੰ ਚੁਣੌਤੀ ਦਿੱਤੀ। ਪਟੀਸ਼ਨਰਾਂ ਨੇ ਆਪਣੀ ਪਟੀਸ਼ਨ ਰਾਹੀਂ ਸੰਵਿਧਾਨ ਦੀ 52ਵੀਂ ਤਰਮੀਮ ਨੂੰ ਵੀ ਚੁਣੌਤੀ ਦਿੱਤੀ। ਇਸ ਤਰਮੀਮ ਅਨੁਸਾਰ ਅਸਲ ਵਿਧਾਇਕ ਪਾਰਟੀ ਨਾਲੋਂ ਟੁੱਟਣ ਜਾਂ ਦਲ ਬਦਲੀ ਕਰਨ ਵਾਲੇ ਵਿਧਾਇਕਾਂ ਨੂੰ ਮੈਂਬਰੀ ਤੋਂ ਖਾਰਜ ਕੀਤਾ ਜਾ ਸਕਦਾ ਹੈ।

ਜਸਟਿਸ ਡੀ. ਐਸ. ਤਿਵਾਤੀਆ ਤੇ ਜਸਟਿਸ ਡੀ. ਵੀ. ਸਹਿਗਲ ਦੀ ਸ਼ਮੂਲੀਅਤ ਵਾਲੇ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਪਟੀਸ਼ਨ ਨੂੰ ਸੁਣਵਾਈ ਲਈ ਪ੍ਰਵਾਨ ਕਰਨ ਪਿਛੋਂ ਹਦਾਇਤ ਕੀਤੀ ਕਿ ਇਸ ਪਟੀਸ਼ਨ ਨੂੰ ਇਕ ਹੋਰ ਅਕਾਲੀ ਵਿਧਾਇਕ ਗਿਆਨੀ ਅਰਜਨ ਸਿੰਘ ਲਿੱਟ ਵਲੋਂ ਦਾਖਲ ਰਿਟ ਪਟੀਸ਼ਨ ਦੇ ਨਾਲ ਹੀ ਸੁਣਿਆ ਜਾਵੇ। ਸ੍ਰੀ ਲਿੱਟ ਦੀ ਪਟੀਸ਼ਨ ਹਾਈ ਕੋਰਟ ਦੇ ਪੰਜ ਜੱਜਾਂ ਦੀ ਸ਼ਮੂਲੀਅਤ ਵਾਲੇ ਪੂਰੇ ਬੈਂਚ ਦੇ ਵਿਚਾਰ-ਅਧੀਨ ਹੈ। ਬੈਂਚ, ਜਿਸ ਵਿਚ ਚੀਫ ਜਸਟਿਸ ਪੀ. ਸੀ. ਜੈਨ, ਜਸਟਿਸ ਦੇਵੀ ਸਿੰਘ ਤਿਵਾਤੀਆ, ਜਸਟਿਸ ਆਰ. ਐਨ. ਮਿਤਲ, ਜਸਟਿਸ ਕੇ ਐਸ ਟਿਵਾਣਾ ਅਤੇ ਜਸਟਿਸ ਐਸ. ਪੀ. ਗੋਇਲ ਸ਼ਾਮਲ ਹਨ, ਨੇ ਭਾਰਤ ਸਰਕਾਰ ਦੇ ਵਕੀਲ ਸ੍ਰੀ ਐਚ. ਐਸ. ਬਰਾੜ ਦੀ ਦਰਖਾਸਤ 'ਤੇ ਸ੍ਰੀ ਲਿੱਟ ਦੀ ਪਟੀਸ਼ਨ 'ਤੇ ਸੁਣਵਾਈ 4 ਅਗਸਤ ਤਕ ਅੱਗੇ ਪਾ ਦਿੱਤੀ। ਸ੍ਰੀ ਬਰਾੜ ਨੇ ਹਾਈ ਕੋਰਟ ਨੂੰ ਦੱਸਿਆ ਕਿ ਭਾਰਤ ਸਰਕਾਰ ਦੇ ਸਾਲਿਸਟਰ ਜਨਰਲ ਨੇ ਸੁਣਵਾਈ ਦੇ ਸਬੰਧ ਵਿਚ ਪੈਰਵੀ ਲਈ ਪੇਸ਼ ਹੋਣਾ ਸੀ, ਪਰ ਉਹ ਕਿਸੇ ਹੋਰ ਕੇਸ ਵਿਚ ਫਸੇ ਹੋਣ ਕਾਰਨ ਚੰਡੀਗੜ੍ਹ ਨਹੀਂ ਆ ਸਕੇ।

# ਅਵਤਾਰ ਸਿੰਘ ਰੰਧਾਵਾ ਕੌਮਾਂਤਰੀ ਸੈਮੀਨਾਰ ਵਿਚ ਸ਼ਾਮਲ



ਵੈਨਕੂਵਰ — ਮੈਟਰੋ ਪੌਲੀਟਨ ਲਾਈਫ ਇੰਨਸ਼ੋਰੈਂਸ ਦੇ ਅਵਤਾਰ ਸਿੰਘ ਰੰਧਾਵਾ ਉਨ੍ਹਾਂ 6000 ਡੈਲੀਗੇਟਾਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਮਿਲੀਅਨ ਡਾਲਰ ਰਾਊਂਡ ਟੇਬਲ ਸੇਲਜ਼ ਸੈਮੀਨਾਰ ਵਿਚ ਭਾਗ ਲਿਆ। ਇਹ ਸਮਾਗਮ ਜੂਨ 29 ਤੋਂ 3 ਜੁਲਾਈ ਤੱਕ ਔਰਲੈਂਡੋ (ਫਲੋਰਿਡਾ) ਵਿਚ ਹੋਇਆ। ਇਸ ਸਮਾਗਮ ਵਿਚ 40 ਦੇਸ਼ਾਂ ਦੇ ਡੈਲੀਗੇਟਾਂ ਨੇ ਭਾਗ ਲਿਆ। ਇਸ ਸਮਾਗਮ ਵਿਚ ਚੋਟੀ ਦੇ ਇੰਨਸ਼ੋਰੈਂਸ ਕਰਨ ਵਾਲੇ ਸ਼ਾਮਲ ਹੋਏ।

ਇਸ ਪੰਜ ਦਿਨਾਂ ਸਮਾਗਮ ਵਿਚ 100 ਤੋਂ ਵੱਧ ਸਪੀਕਰਾਂ ਨੇ ਹਿੱਸਾ ਲਿਆ ਜਿਸ ਵਿਚ ਜੀਵਨ ਬੀਮਾ ਅਤੇ ਹੋਰ ਪੂੰਜੀ ਪਲੈਨਿੰਗ ਬਾਰੇ ਲੈਕਚਰ ਹੋਏ। ਇਨ੍ਹਾਂ ਵਿਭਾਗਾਂ ਵਿਚ ਨਿਪੁੰਨ ਵਿਅਕਤੀਆਂ ਨੇ ਲੈਕਚਰ ਦਿਤੇ।

ਸਾਡੀ ਕਮਿਊਨਿਟੀ ਨੂੰ ਇਸ ਗੱਲ ਦਾ ਮਾਣ ਹੈ ਕਿ ਅਵਤਾਰ ਸਿੰਘ ਰੰਧਾਵਾ ਨੇ ਕਮਿਊਨਿਟੀ ਦਾ ਨਾਂ ਉਚਾ ਕੀਤਾ ਹੈ।

# ਅੰਮ੍ਰਿਤਸਰ ਜ਼ਿਲੇ 'ਚ ਸੀ. ਆਰ. ਪੀ. ਵਲੋਂ ਬੱਸਾਂ ਦੀ ਸਖਤ ਚੈਕਿੰਗ

ਪੱਟੀ — ਜ਼ਿਲਾ ਅੰਮ੍ਰਿਤਸਰ ਦੀਆਂ ਵੱਖ ਵੱਖ ਮੇਨ ਅਤੇ ਲਿੰਕ ਸੜਕਾਂ ਤੇ ਸੀ. ਆਰ. ਪੀ. ਵਲੋਂ ਨਾਕਾਬੰਦੀ ਕਰਕੇ ਬੱਸਾਂ ਨੂੰ ਰੋਕ ਕੇ ਸਵਾਰੀਆਂ ਨੂੰ ਬੇਹੱਦ ਪਰੇਸ਼ਾਨ ਕੀਤਾ ਜਾ ਰਿਹਾ ਹੈ। ਜ਼ਿਲਾ ਅੰਮ੍ਰਿਤਸਰ ਦੀਆਂ ਕਈ ਸੜਕਾਂ 'ਤੇ ਸੀ. ਆਰ. ਪੀ. ਵਾਲੇ ਬੱਸਾਂ ਨੂੰ ਬੰਦੂਕ ਦੀ ਨੋਕ ਤੇ ਰੋਕ ਲੈਂਦੇ ਹਨ ਤੇ ਸਾਰੀਆਂ ਸਵਾਰੀਆਂ ਨੂੰ ਬੱਸ ਤੋਂ ਹੇਠਾਂ ਉਤਾਰ ਕੇ ਤਲਾਸ਼ੀ ਦੇਣ ਲਈ ਕਹਿੰਦੇ ਹਨ। ਸੀ. ਆਰ. ਪੀ. ਵਾਲੇ ਬੱਸਾਂ ਵਿਚ ਬਜ਼ੁਰਗ, ਬਿਮਾਰ ਸਵਾਰੀਆਂ ਨੂੰ ਵੀ ਹੇਠਾਂ ਉਤਰ ਕੇ ਤਲਾਸ਼ੀ ਦੇਣ ਲਈ ਮਜ਼ਬੂਰ ਕਰਦੇ ਹਨ ਜਿਸ ਕਰਕੇ ਲੋਕਾਂ ਵਿਚ ਬੇਹੱਦ ਬੇਚੈਨੀ ਪਾਈ ਜਾ ਰਹੀ ਹੈ। ਅੰਮ੍ਰਿਤਸਰ-ਪੱਟੀ ਸੜਕ ਤੇ ਤਾਂ ਕਈ ਨਾਕੇ ਲੱਗੇ ਹੋਏ ਹਨ ਤੇ ਹਰੇਕ ਨਾਕੇ ਤੇ ਚੈਕਿੰਗ ਦੌਰਾਨ ਘੱਟੋ ਘੱਟ ਵੀਹ ਮਿੰਟ ਲਾਏ ਜਾਂਦੇ ਹਨ ਜਿਸ ਕਰਕੇ ਸਵਾਰੀਆਂ ਆਪਣੇ ਜ਼ਰੂਰੀ ਕੰਮਾਂ ਲਈ ਸਮੇਂ ਸਿਰ ਪਹੁੰਚਣ ਤੋਂ ਅਸਮਰਥ ਹੋ ਜਾਂਦੀਆਂ ਹਨ। ਚੈਕਿੰਗ ਕਰਨ ਵਾਲੇ ਸੁਰੱਖਿਆ ਅਧਿਕਾਰੀਆਂ ਦਾ ਲੋਕਾਂ ਪ੍ਰਤੀ ਰਵੱਈਆ ਬਹੁਤ ਹੀ ਰੁੱਖਾ ਹੈ। ਅੰਮ੍ਰਿਤਸਰ ਸ਼ਹਿਰ ਤੋਂ ਤਰਨਤਾਰਨ ਸ਼ਹਿਰ ਵਿਚ ਦਾਖਲ ਹੋਣ ਲਗਿਆਂ ਅਤੇ ਤਰਨਤਾਰਨ ਤੋਂ ਪੱਟੀ ਨੂੰ ਜਾਣ ਲੱਗਿਆਂ ਦੋ ਢਾਈ ਕਿਲੋਮੀਟਰ ਦੇ ਵਕਫੇ ਦੇ ਅੱਡੇ ਵਿਚ ਦੋ ਥਾਵਾਂ ਤੇ ਸਖਤ ਨਾਕਾਬੰਦੀ ਕੀਤੀ ਗਈ ਹੈ ਤੇ ਸਵਾਰੀਆਂ ਨੂੰ ਹੇਠਾਂ ਲਾਹ ਕੇ ਉਹਨਾਂ ਦੇ ਸਮਾਨ ਦੀ ਉਥਲ ਪੁਥਲ ਕੀਤੀ ਜਾਂਦੀ ਹੈ। ਲੋਕਾਂ ਨੇ ਦੱਸਿਆ ਹੈ ਕਿ ਜੇ ਕੋਈ ਸੁਰੱਖਿਆ ਅਧਿਕਾਰੀਆਂ ਨੂੰ ਅਜਿਹੀ ਵਧੀਕੀ ਕਰਨ ਤੋਂ ਰੋਕਦਾ ਹੈ ਤਾਂ ਉਸ ਨੂੰ ਗੋਲੀ ਦੀ ਧਮਕੀ ਦਿੱਤੀ ਜਾਂਦੀ ਹੈ। ਇਲਾਕੇ ਦੇ ਲੋਕਾਂ ਨੇ ਪੰਜਾਬ ਦੇ ਮੁਖ ਮੰਤਰੀ ਪਾਸੋਂ ਮੰਗ ਕੀਤੀ ਹੈ ਕਿ ਜ਼ਿਲਾ ਅੰਮ੍ਰਿਤਸਰ ਵਿਚ ਹੋ ਰਹੀਆਂ ਸੁਰੱਖਿਆ ਅਧਿਕਾਰੀਆਂ ਦੀਆਂ ਵਧੀਕੀਆਂ ਤੁਰੰਤ ਬੰਦ ਕੀਤੀਆਂ ਜਾਣ।

# ਕੰਪਿਊਟਰ ਦਿਮਾਗ਼ ਦਾ ਮੁਕਾਬਲਾ ਨਹੀਂ ਕਰ ਸਕਦਾ

ਵੈਨਕੂਵਰ — ਦੁਨੀਆਂ ਦੇ ਮਸ਼ਹੂਰ ਸਾਇੰਸਦਾਨ ਸਰ ਜੌਹਨ ਐਲਕੀਲਸ ਨੇ ਇਥੇ ਕਿਹਾ ਕਿ ਸਾਇੰਸ ਅਜਿਹਾ ਕੰਪਿਊਟਰ ਕਦੇ ਨਹੀਂ ਬਣਾ ਸਕੇਗੀ ਜੋ ਮਨੁੱਖੀ ਦਿਮਾਗ਼ ਦਾ ਮੁਕਾਬਲਾ ਕਰ ਸਕੇ ਕਿਉਂਕਿ ਕੁਝ ਚੀਜ਼ਾਂ ਅਜਿਹੀਆਂ ਹਨ ਜੋ ਸਾਇੰਸ ਦੀ ਪਕੜ ਵਿਚ ਨਹੀਂ ਆ ਸਕਦੀਆਂ। ਉਨ੍ਹਾਂ ਕਿਹਾ, "ਖੂਬਸੂਰਤੀ, ਪਿਆਰ, ਦੋਸਤੀ, ਕਲਪਨਾ" ਵਰਗੀਆਂ ਚੀਜ਼ਾਂ ਹਨ ਜੋ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ ਪਰ ਸਾਇੰਸ ਇਨ੍ਹਾਂ ਨੂੰ ਬਿਆਨ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਸਾਇੰਸ ਤੋਂ ਅਗੇ ਵੀ ਦੁਨੀਆਂ ਵਿਚ ਬਹੁਤ ਕੁਝ ਹੈ।

ਸਰ ਜੌਹਨ ਐਕਕੀਲਸ ਨੂੰ ਦਿਮਾਗੀ ਤੰਤੂਆਂ ਦੀ ਖੋਜ ਉਤੇ 1963 ਵਿਚ ਨੋਬਲ ਇਨਾਮ ਮਿਲਿਆ ਸੀ। ਉਹ ਅੱਜ ਕੱਲ੍ਹ ਇਥੇ ਇਕ ਕਾਨਫਰੰਸ ਦੇ ਸਬੰਧ ਵਿਚ ਆਏ ਹੋਏ ਹਨ।

83-ਸਾਲਾ ਸਾਇੰਸਦਾਨ ਨੇ ਕਿਹਾ ਕਿ ਅਸੀਂ ਕੰਪਿਊਟਰ ਤੋਂ ਮੱਦਦ ਜ਼ਰੂਰ ਲੈ ਸਕਦੇ ਹਾਂ ਪਰ ਕੰਪਿਊਟਰ ਹੀ ਸਭ ਕੁਝ ਨਹੀਂ — ਇਸ ਤੋਂ ਬਹੁਤ ਕੁਝ ਅੱਗੇ ਹੈ।

ਹੋਣਗੇ ਉਪਰਾਮ ਲੋਕੀਂ ਗਾਣਗੇ ਮੇਰੀ ਗਜ਼ਲ,
ਪਿਆਰ ਵਿਚ ਆ ਕੇ ਉਹ ਮੇਰਾ ਗੀਤ ਗਾਇਆ ਕਰਨਗੇ।


. ਵਿਆਹ ਸ਼ਾਦੀ ਆਦਿ ਤੇ ਜ਼ਿੰਦਗੀ ਦੇ ਸਭ ਤੋਂ ਸੁਨਹਿਰੀ ਪਲਾਂ ਨੂੰ ਸੁਚੱਜੇ ਚਿਤਰਾਂ ਵਿਚ ਰੂਪਮਾਨ ਕਰਨ ਲਈ ਇਕ ਤਜਰਬੇਕਾਰ ਫੋਟੋ ਗਰਾਫਰ ਦੀ ਲੋੜ ਪੈਂਦੀ ਹੈ
ਸੁਪਰ ਫੋਟੋ ਸਟੂਡੀਓ ਤੁਹਾਡੀ ਇਸ ਲੋੜ ਨੂੰ ਪੂਰੀ ਕਰੇਗਾ



93

OUR SPECIALITY -
Weddings, Family Portrait
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ
ਬਲੈਕ ਐਂਡ ਵਾਈਟ ਫੋਟੋਆਂ - ਕੱਲਰ ਕੀਤੀਆਂ ਜਾਂਦੀਆਂ ਹਨ
PASSPORT - VISA - CITIZENSHIP
PHOTOS — READY IN 5 MINUTES

ਸੁਪਰ ਫੋਟੋ ਸਟੂਡੀਓ
**Super Photo Studio**
The Name You Can Trust
9375 - 120th St. (Scott Rd.) Delta Ph. (604)589-4668
Quality
FILM PROCESSING


# ਪਾਕਿਸਤਾਨੀ ਪ੍ਰਧਾਨ ਮੰਤਰੀ ਸ੍ਰੀ ਜਨੈਜੋ ਵਾਸ਼ਿੰਗਟਨ ਵਿਚ

ਵਾਸ਼ਿੰਗਟਨ — ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਮੁਹੰਮਦ ਖਾਨ ਜਨੈਜੋ ਆਪਣੇ ਅਮਰੀਕੀ ਦੌਰੇ ਉਪਰ ਵਾਸ਼ਿੰਗਟਨ ਪੁਜੇ ਹੋਏ ਹਨ। ਉਨ੍ਹਾਂ ਦੀ ਪ੍ਰਧਾਨ ਰੇਗਨ ਨਾਲ ਪਾਕਿਸਤਾਨ ਦੇ ਐਟਮੀ ਪਰੋਗਰਾਮ ਲਈ ਸਹਾਇਤਾ ਸੰਬੰਧੀ ਗਲਬਾਤ ਹੋਵੇਗੀ।

ਇਹ ਵੀ ਖਬਰ ਹੈ ਕਿ ਪਾਕਿਸਤਾਨ ਵਿਚ ਸ੍ਰੀਮਤੀ ਬੇਨਜ਼ੀਰ ਭੁੱਟੋ ਦੇ ਵਧ ਰਹੇ ਪ੍ਰਭਾਵ ਅਤੇ ਲੋਕਾਂ ਵਿਚ ਅਮਰੀਕਾ ਵਿਰੋਧੀ ਉਭਾਰ ਦਾ ਵੀ ਜਾਇਜ਼ਾ ਲਿਆ ਜਾਵੇਗਾ।

ਕੁਝ ਦਿੱਲੀ ਵਿਚ ਦੇ ਰਾਜਸੀ ਦਰਸ਼ਕਾਂ ਦਾ ਵਿਚਾਰ ਹੈ ਕਿ ਅਫਗਾਨ ਭਗੌੜਿਆਂ ਦੀ ਸਹਾਇਤਾ ਅਤੇ ਭਾਰਤ ਵਿਚ ਕਤਲੋ ਗਾਰਤ ਕਰਨ ਵਾਲੇ ਦਹਿਸ਼ਤਪਸੰਦਾਂ ਦੇ ਸੰਬੰਧ ਵਿਚ ਵੀ ਗਲਬਾਤ ਹੋਵੇਗੀ, ਜਿਨ੍ਹਾਂ ਨੂੰ ਖੁਫੀਆ ਤੌਰ ਤੇ ਪਾਕਿਸਤਾਨ ਵਿਚ ਟਰੇਨਿੰਗ ਦਿਤੀ ਜਾਂਦੀ ਦੱਸੀ ਜਾਂਦੀ ਹੈ।

ਯਾਦ ਰਹੇ ਪਿਛਲੇ ਦਿਨਾਂ ਵਿਚ ਪੰਜਾਬ ਵਿਚ ਛਾਪੇ ਮਾਰਕੇ ਫੜੇ ਗਏ ਵੱਖਵਾਦੀ ਦਹਿਸ਼ਤਪਸੰਦਾਂ ਨੇ ਇਹ ਪ੍ਰਵਾਨ ਕੀਤਾ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਖੇ ਫੈਸਲਾਵਾਦ(ਲਾਇਲਪੁਰ) ਵਿਖੇ ਟਰੇਨਿੰਗ ਦਿਤੀ ਗਈ ਸੀ।

## 4200 ਰੁਪਏ ਲੁੱਟਣ ਵਾਲਾ ਕਾਬੂ

ਜੈਤੋ — ਬਾਜਾਖਾਨਾ ਵੱਲ ਜਾ ਰਹੀ ਔਰਤ ਮੁਸਾਫਰ ਤੋਂ ਇਕ ਸ਼ੱਕੀ ਵਿਅਕਤੀ ਨੇ 4200 ਰੁਪਏ ਲੁੱਟ ਲਏ। ਔਰਤ ਨੇ ਸ਼ੋਰ ਪਾਇਆ ਤਾਂ ਸ਼ੱਕੀ ਵਿਅਕਤੀ ਨੂੰ ਪੁਲੀਸ ਅਤੇ ਲੋਕਾਂ ਨੇ ਫੜ ਲਿਆ। ਔਰਤ ਨੇ ਪੈਸੇ ਬੈਂਕ ਵਿਚੋਂ ਕਢਵਾਏ ਸਨ। ਪੁਲੀਸ ਨੇ ਕੇਸ ਰਜਿਸਟਰ ਕਰ ਲਿਆ ਹੈ।

## ਸਰਹੱਦ 'ਤੇ ਮੁਕਾਬਲੇ 'ਚ ਸਮੱਗਲਰ ਹਲਾਕ

ਨਵੀਂ ਦਿੱਲੀ — ਬੀ. ਐਸ. ਐਫ. ਦੀ ਇਕ ਛਾਪਾਮਾਰ ਟੁਕੜੀ ਨੇ ਪਿਛਲੇ ਦਿਨ ਖੇਮਕਰਨ ਸੈਕਟਰ ਵਿਚ ਸਮਗਲਰਾਂ ਨਾਲ ਇਕ ਮੁਠਭੇੜ ਦੌਰਾਨ ਜੋਗਿੰਦਰ ਸਿੰਘ ਉਰਫ ਜਿੰਦਾ ਸ਼ੇਰੀ ਨਾਂ ਦੇ ਰਾਜੋ ਕੇ ਪਿੰਡ ਦੇ ਇਕ ਨਾਮੀ ਸਮੱਗਲਰ ਨੂੰ ਹਲਾਕ ਕਰ ਦਿਤਾ। ਮੁਠਭੇੜ ਦੌਰਾਨ ਸਮੱਗਲਰ ਦੇ ਤਿੰਨ ਹੋਰ ਸਾਥੀ ਬਚ ਕੇ ਵਾਪਸ ਪਾਕਿਸਤਾਨ ਵਲ ਖਿਸਕਣ ਵਿਚ ਕਾਮਯਾਬ ਹੋ ਗਏ।


JOBS JOBS JOBS JOBS JOBS

**OPPORTUNITY**

$ $ $ $ $ $ $ $ $ $ $ $

EARN
**$400 - $1200/month**
PART TIME
**$3000 - $8000/month**
FULL TIME

ਮੌਕੇ ਦਾ ਫਾਇਦਾ ਉਠਾਓ !
ਕਮਾਓ

400 ਡਾਲਰ — 1200 ਡਾਲਰ ਪ੍ਰਤੀ ਮਹੀਨਾ (ਪਾਰਟ ਟਾਈਮ ਕੰਮ ਕਰਕੇ)
3000 ਡਾਲਰ — 8000 ਡਾਲਰ ਪ੍ਰਤੀ ਮਹੀਨਾ (ਪੂਰਾ ਸਮਾਂ ਕੰਮ ਕਰਕੇ)

ਹੋਰ ਜਾਣਕਾਰੀ ਲਓ
ਜਸ
463-7025 ਜਾਂ 526-3365

JOBS JOBS JOBS JOBS JOBS

JOBS - JOBS - JOBS - JOBS - JOBS

JOBS - JOBS - JOBS - JOBS

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਸੰਪਾਦਕੀ

# ਫਿਰਕੂ ਦੰਗਿਆਂ ਦਾ ਕੋਹੜ

ਪੰਜਾਬ ਵਿਚ ਅਜੇ ਫਿਰਕੂ ਜਹਾਦ ਖਤਮ ਨਹੀਂ ਹੋਇਆ - ਗੁਜਰਾਤ ਇਸ ਦੀ ਲਪੇਟ ਵਿਚ ਆ ਗਿਆ ਹੈ। ਜਿਥੇ ਪੰਜਾਬ ਵਿਚ ਵਿਦੇਸ਼ੀ ਸ਼ਕਤੀਆਂ ਵਲੋਂ ਦਹਿਸ਼ਤਗਰਦੀ ਫੈਲਾ ਕੇ ਹਿੰਦੂ ਅਤੇ ਸਿੱਖਾਂ ਨੂੰ ਆਪਸ ਵਿਚ ਲੜਾਇਆ ਜਾ ਰਿਹਾ ਹੈ ਉਥੇ ਅਹਿਮਦਾਬਾਦ ਅਤੇ ਬੜੌਦਾ ਵਿਚ ਹਿੰਦੂ ਮੁਸਲਿਮ ਫਸਾਦ ਅਰੰਭ ਹੋ ਗਏ ਹਨ। ਪੰਜਾਬ ਵਿਚ ਪਿਛਲੇ ਛੇ ਮਹੀਨਿਆਂ ਵਿਚ ਚਾਰ ਸੌ ਕਤਲ ਹੋ ਚੁਕੇ ਹਨ। ਅਹਿਮਦਾਬਾਦ ਵਿਚ ਛੇ ਦਿਨਾਂ ਵਿਚ 66 ਕਤਲ ਫਿਰਕੂ ਜਨੂੰਨੀਆਂ ਵਲੋਂ ਕੀਤੇ ਗਏ। ਇਹ ਅੰਕੜੇ ਭਾਰਤ ਦੀ ਸਮੁੱਚੀ ਜਨਤਾ ਲਈ ਖੌਫਨਾਕ ਰੂਪ ਵਿਚ ਦੇਖੇ ਜਾਣੇ ਚਾਹੀਦੇ ਹਨ। ਦਿੱਲੀ ਵਿਚ ਦੰਗੇ ਜੋ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਉਹ ਬਹੁ-ਗਿਣਤੀ ਵਲੋਂ ਘੱਟ ਗਿਣਤੀ ਉਤੇ ਕੀਤਾ ਗਿਆ ਜ਼ੁਲਮ ਸੀ ਜਿਸਦੀ ਕੋਈ ਸੁਣਵਾਈ ਨਹੀਂ ਹੋਈ। ਇਥੋਂ ਤੱਕ ਕਿ ਬਹੁਗਿਣਤੀ ਫਿਰਕੇ ਦੇ ਜਨੂੰਨੀਆਂ ਦੀ ਇਸ ਕਾਰਵਾਈ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਤੱਕ ਨਹੀਂ ਕੀਤੀ ਗਈ — ਦੋਸ਼ੀਆਂ ਨੂੰ ਸਜ਼ਾਵਾਂ ਦੇਣੀਆਂ ਤਾਂ ਦੂਰ ਦੀ ਗੱਲ ਹੈ। ਹਜ਼ਾਰਾਂ ਦੀ ਗਿਣਤੀ ਵਿਚ ਘੱਟ ਗਿਣਤੀਆਂ ਦਾ ਕਤਲ ਭਾਰਤ ਦੀ ਜਮਹੂਰੀਅਤ ਲਈ ਖਤਰਾ ਸਹੇੜ ਸਕਦਾ ਹੈ। ਇਸ ਲਈ ਦਿੱਲੀ ਦੇ ਹਾਕਮਾਂ ਨੂੰ ਇਸ ਪ੍ਰਤੀ ਚੇਤੰਨ ਹੋਣ ਦੀ ਲੋੜ ਹੈ ਕਿ ਬਹੁਗਿਣਤੀ ਦੇ ਜਨੂੰਨੀਆਂ ਨੂੰ ਲਗਾਮ ਦਿਤੀ ਜਾਵੇ ਅਤੇ ਸਖਤੀ ਨਾਲ ਇਸ ਫਿਰਕੂ ਸੋਚ ਦਾ ਖਾਤਮਾ ਕੀਤਾ ਜਾਵੇ।

ਕੇਂਦਰ ਸਰਕਾਰ ਨੂੰ ਇਸ ਪ੍ਰਤੀ ਸਖਤੀ ਨਾਲ ਪੇਸ਼ ਆਉਣ ਦੀ ਲੋੜ ਹੈ। ਹਰ ਸਮੱਸਿਆ ਨੂੰ ਜੇ ਮੁਢ ਵਿਚ ਹੀ ਸੁਲਝਾ ਲਿਆ ਜਾਵੇ ਤਾਂ ਆਸਾਨੀ ਨਾਲ ਗੱਲ ਨਿਬੜ ਜਾਂਦੀ ਹੈ ਪਰ ਜੇ ਇਹ ਫਿਰਕੂ ਨਾਸੂਰ ਪਲਰਨ ਦਿਤਾ ਗਿਆ ਤਾਂ ਸਾਰੇ ਦੇਸ਼ ਦਾ ਭਵਿਖ ਖਤਰੇ ਵਿਚ ਪੈ ਸਕਦਾ ਹੈ।

ਦੇਸ਼ ਵਿਚ ਇਸ ਤਰ੍ਹਾਂ ਫੈਲ ਰਿਹਾ ਜਨੂੰਨ ਕੇਵਲ 'ਵਿਦੇਸ਼ੀ ਹੱਥ' ਕਹਿ ਕੇ ਵੀ ਟਾਲਿਆ ਨਹੀਂ ਜਾ ਸਕਦਾ। ਦੇਸ਼ ਦੀ ਲੀਡਰਸ਼ਿਪ ਲਈ ਜ਼ਰੂਰੀ ਹੈ ਕਿ ਉਹ ਅਜਿਹੇ ਸਿਆਸਤਦਾਨਾਂ ਦੇ ਵੀ ਨੱਥ ਪਾਵੇ ਜੋ ਜਨੂੰਨੀ ਹਵਾਵਾਂ ਨੂੰ ਭੜਕਾਉਂਦੇ ਹਨ। ਭਾਰਤ ਵਿਚ ਸਿਆਸਤ ਮੌਕਾ ਪ੍ਰਸਤੀ ਦਾ ਸ਼ਿਕਾਰ ਹੈ ਅਤੇ ਮੌਕਾਪ੍ਰਸਤ ਸਿਆਸਤਦਾਨ ਸਥਾਨਕ ਮਜ਼ਬੀ ਮਸਲਿਆਂ ਨੂੰ ਚੁਕ ਕੇ ਲੋਕਾਂ ਦਾ ਘਾਣ ਕਰਵਾਉਂਦੇ ਹਨ। ਇਹ ਮੌਕਾਪ੍ਰਸਤ ਸਿਆਸਤ ਪੰਜਾਬ ਵਿਚ ਵੀ ਉਸੇ ਤਰ੍ਹਾਂ ਸਰਗਰਮ ਹੈ ਜਿਸ ਤਰ੍ਹਾਂ ਗੁਜਰਾਤ ਵਿਚ। ਅਜਿਹੇ ਰੁਝਾਣ ਨੂੰ ਸਖਤੀ ਨਾਲ ਰੋਕਿਆ ਜਾਣਾ ਜ਼ਰੂਰੀ ਹੈ।

# ਲੇਖਕਾਂ ਵਲੋਂ ਕੌਮੀ ਏਕਤਾ ਲਈ ਕੰਮ ਕਰਨ ਦਾ ਪ੍ਰਣ

ਚੰਡੀਗੜ੍ਹ — ਪੰਜਾਬ ਦੇ ਲੇਖਕਾਂ ਤੇ ਕਲਾਕਾਰਾਂ ਨੇ ਇਕ ਇਕੱਤਰਤਾ ਵਿਚ ਫਿਰਕੂ ਸਦਭਾਵਨਾ ਤੇ ਕੌਮੀ ਏਕਤਾ ਕਾਇਮ ਰੱਖਣ ਦਾ ਪ੍ਰਣ ਲਿਆ। ਇਕੱਤਰਤਾ ਦੀ ਪ੍ਰਧਾਨਗੀ ਡਾ. ਗੁਰਨਾਮ ਸਿੰਘ ਤੀਰ ਨੇ ਕੀਤੀ। ਇਸ ਵਲੋਂ ਪਾਸ ਕੀਤੇ ਇਕ ਮਤੇ ਵਿਚ ਮੰਗ ਕੀਤੀ ਗਈ ਕਿ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਸਮੇਂ ਇਸ ਪ੍ਰਦੇਸ਼ ਨੂੰ ਪੰਜਾਬੀ ਰਿਜਨ ਜਾਂ ਹਿੰਦੀ ਰਿਜਨ ਦੇ ਤੌਰ 'ਤੇ ਨਾ ਵਰਤਿਆ ਜਾਵੇ ਸਗੋਂ ਪੂਰੇ ਪ੍ਰਦੇਸ਼ ਨੂੰ ਇਕ ਇਕਾਈ ਮੰਨ ਕੇ ਪੰਜਾਬ ਵਿਚ ਸ਼ਾਮਲ ਕੀਤਾ ਜਾਵੇ। ਲੇਖਕਾਂ ਨੇ ਪੰਜਾਬ ਦੀ ਵਿਗੜ ਰਹੀ ਅਮਨ ਤੇ ਕਾਨੂੰਨ ਦੀ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਦਹਿਸ਼ਤਪਸੰਦਾਂ ਤੇ ਫੁਟਪਾਊ ਤਾਕਤਾਂ ਨੂੰ ਹਾਰ ਦੇਣ ਲਈ ਇਕ ਸਾਂਝਾ ਫਰੰਟ ਕਾਇਮ ਕਰਨ।

# ਚੰਡੀਗੜ੍ਹ ਬਾਰੇ ਠੀਕ ਪਹੁੰਚ

—ਪਿਆਰਾ ਸਿੰਘ ਭੋਗਲ—

ਅਜੀਬ ਸਥਿਤੀ ਪੈਦਾ ਹੋਈ ਹੈ। 21 ਜੂਨ ਤੋਂ ਪਹਿਲਾਂ ਤਕ ਜਿਹੜੇ ਪੰਜਾਬ-ਪੱਖੀ ਅੰਸ਼ ਕਹਿੰਦੇ ਸਨ ਕਿ ਚੰਡੀਗੜ੍ਹ ਪੰਜਾਕ ਨੂੰ ਹੀ ਮਿਲਣਾ ਚਾਹੀਦਾ ਹੈ, ਉਹ ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਇਕ ਦਮ ਪਿਛੇ ਹਟ ਜਾਣ ਲਈ ਤਿਆਰ ਹੋ ਗਏ ਹਨ। ਅਜ ਕੱਲ੍ਹ ਜੋ ਬਿਆਨ ਅਤੇ "ਸੰਪਾਦਕ ਦੇ ਨਾਮ ਚਿੱਠੀਆਂ" ਛਪ ਰਹੀਆਂ ਹਨ, ਉਨ੍ਹਾਂ ਵਿਚ ਦੋ ਤਜਵੀਜ਼ਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਪਹਿਲੀ ਇਹ ਕਿ ਚੰਡੀਗੜ੍ਹ ਨੂੰ ਸੱਠ ਚਾਲੀ ਦੇ ਅਨੁਪਾਤ ਨਾਲ ਪੰਜਾਬ ਅਤੇ ਹਰਿਆਣੇ ਦੇ ਵਿਚਕਾਰ ਵੰਡ ਦਿਤਾ ਜਾਵੇ। ਦੂਜੀ ਇਹ ਕਿ ਹਰਿਆਣੇ ਨੂੰ ਸੱਤਰ ਹਜ਼ਾਰ ਰਕਬਾ ਦੇਣ ਦੀ ਥਾਂ ਹਰਿਆਣੇ ਤੋਂ ਸੱਤਰ ਹਜ਼ਾਰ ਜਾਂ ਇਕ ਲੱਖ ਏਕੜ ਰਕਬਾ ਲਿਆ ਜਾਵੇ ਤੇ ਨਾਲ ਹੀ ਪੰਜਾਬ ਦੀ ਨਵੀਂ ਰਾਜਧਾਨੀ ਰਣਜੀਤਗੜ੍ਹ ਵਿਚ ਉਸਾਰੀ ਜਾਵੇ। ਦੋ ਸੌ ਕਰੋੜ ਰੁਪਿਆ, ਜੋ ਹਰਿਆਣੇ ਦੀ ਨਵੀਂ ਰਾਜਧਾਨੀ ਬਨਾਉਣ ਲਈ ਕੇਂਦਰ ਨੇ ਦੇਣਾ ਹੈ, ਉਹ ਰੁਪਿਆ ਜਾਂ ਉਸ ਤੋਂ ਵੀ ਵੱਧ ਰੁਪਿਆ ਪੰਜਾਬ ਕੇਂਦਰ ਤੋਂ ਨਵੀਂ ਰਾਜਧਾਨੀ ਬਨਾਉਣ ਲਈ ਲਵੇ। ਇਹ ਤਜਵੀਜ਼ ਪੇਸ਼ ਕਰਨ ਵਾਲਿਆਂ ਦੀ ਦਲੀਲ ਇਹ ਹੈ ਕਿ ਚੰਡੀਗੜ੍ਹ ਇਕ ਪਾਸੇ ਹੈ, ਰਣਜੀਤਗੜ੍ਹ ਪੰਜਾਬ ਦੇ ਕੇਂਦਰ ਵਿਚ ਹੋਵੇਗਾ, ਇਸ ਲਈ ਚੰਡੀਗੜ੍ਹ ਦਾ ਖਹਿੜਾ ਛੱਡੋ, ਨਵਾਂ ਚੰਡੀਗੜ੍ਹ ਬਣਾਓ।

## ਜਜ਼ਬਾਤੀ

ਉਪਰੋਕਤ ਦੋਵੇਂ ਤਜਵੀਜ਼ਾਂ ਬੜੀਆਂ ਜਜ਼ਬਾਤੀ ਹਨ। ਰਣਜੀਤਗੜ੍ਹ ਸ਼ਹਿਰ ਵਸਾਉਣਾ ਚਾਹੀਦਾ ਹੈ। ਜੇ ਪੰਜਾਬ ਦੇ ਹਾਲਾਤ ਨਾਰਮਲ ਹੁੰਦੇ ਤਾਂ ਅਕਾਲੀ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਪੈਣਾ ਸੀ। ਪੰਜਾਬ ਨੂੰ ਚੰਡੀਗੜ੍ਹ ਵਰਗੇ ਇਕ ਹੋਰ ਨਹੀਂ ਸਗੋਂ ਕਈ ਹੋਰ ਆਧੁਨਿਕ ਸ਼ਹਿਰਾਂ ਦੀ ਲੋੜ ਹੈ। ਇਹ ਸੂਬੇ ਦੀ ਆਰਥਿਕ ਤਰੱਕੀ ਵਿਚੋਂ ਆਪਣੇ ਆਪ ਪੈਦਾ ਹੁੰਦੀ ਲੋੜ ਹੈ। ਹਾਲਾਤ ਠੀਕ ਹੁੰਦੇ ਤਾਂ ਗੋਇੰਦਵਾਲ ਨੇ ਵੀ ਆਧੁਨਿਕ ਸ਼ਹਿਰ ਤੇ ਉਦਯੋਗਿਕ ਕੇਂਦਰ ਦੇ ਤੌਰ 'ਤੇ ਵਿਕਸਤ ਹੋਣਾ ਸ਼ੁਰੂ ਹੋ ਜਾਣਾ ਸੀ।

ਪਰ ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਚੰਡੀਗੜ੍ਹ ਉਤੇ ਦਾਅਵਾ ਛੱਡਿਆਂ ਪੰਜਾਬ ਮਸਲਾ ਹੱਲ ਹੋ ਜਾਣਾ ਹੈ। ਜੇ ਪੰਜਾਬ ਸਮਝੌਤਾ ਬਿਲਕੁਲ ਟੁੱਟ ਹੀ ਜਾਏ, ਅਕਾਲੀ ਸਰਕਾਰ ਤੋੜ ਕੇ ਰਾਸ਼ਟਰਪਤੀ ਰਾਜ ਵੀ ਲਾਗੂ ਹੋ ਜਾਏ ਤਾਂ ਵੀ ਚੰਡੀਗੜ੍ਹ ਦਾ ਮਸਲਾ ਵੱਖੀ ਵਿਚ ਚੁੱਭੇ ਕੰਡੇ ਵਾਂਗ ਮਹਿਸੂਸ ਹੁੰਦਾ ਰਹਿਣਾ ਹੈ।

ਹੋ ਸਕਦਾ ਹੈ ਕੋਈ ਪੰਜਾਬ ਸਰਕਾਰ ਚੰਡੀਗੜ੍ਹ ਦੀ ਸੱਠ ਚਾਲੀ ਦੀ ਅਨੁਪਾਤ ਨਾਲ ਵੰਡ ਮੰਨ ਵੀ ਲਏ ਪਰ ਇਹ ਵੀ ਆਰਜ਼ੀ ਹੱਲ ਹੋਵੇਗਾ। ਜਦੋਂ ਵੀ ਮੋਰਚਾ ਫੇਰ ਲੱਗਾ (ਪੰਜਾਬ ਸਮਝੌਤਾ ਟੁੱਟਣ ਦੀ ਦੇਰ ਹੈ, ਮੋਰਚਾ ਲਗ ਹੀ ਜਾਣਾ ਹੈ), ਹੋਰ ਮੰਗਾਂ ਤੋਂ ਇਲਾਵਾ ਦੋ ਮੰਗਾਂ ਮੁੜ ਕੇ ਉਭਰਨਗੀਆਂ। ਪਹਿਲੀ ਇਹ ਕਿ ਚੰਡੀਗੜ੍ਹ ਪੰਜਾਬੀ ਬੋਲਦਾ ਸ਼ਹਿਰ ਹੈ, ਪੰਜਾਬ ਨੂੰ ਦਿੱਤਾ ਜਾਵੇ। ਦੂਜੀ ਇਹ ਕਿ ਪੰਜਾਬੀ ਬੋਲਦੇ ਜਿਹੜੇ ਇਲਾਕੇ ਹਰਿਆਣੇ ਵਿਚ ਹਨ, ਉਹ ਪੰਜਾਬ ਨੂੰ ਦਿੱਤੇ ਜਾਣ।

ਸੋ ਜਿਹੜੇ ਸੱਜਣ ਚੰਡੀਗੜ੍ਹ ਦੇ ਸਬੰਧ ਵਿਚ ਮਤਬਾਦਲ ਤਜਵੀਜ਼ਾਂ ਪੇਸ਼ ਕਰ ਰਹੇ ਹਨ, ਉਹ ਇਕ ਬੁਨਿਆਦੀ ਤੱਥ ਨਾ ਭੁੱਲਣ। ਪੰਜਾਬ ਬਦਲੇ ਅਕਾਲੀ ਹੀ ਲੜਦੇ ਹਨ ਤੇ ਅਕਾਲੀ ਸਿਰਫ ਸਿੱਖਾਂ ਦੇ ਨੁਮਾਇੰਦੇ ਹੋਣ ਦੇ ਬਾਵਜੂਦ, ਜਦੋਂ ਸਿੱਖਾਂ ਨਾਲ ਜਾਂ ਪੰਜਾਬ ਨਾਲ ਕੇਂਦਰ ਦੀਆਂ ਵਧੀਕੀਆਂ ਅਤੇ ਵਿਤਕਰਿਆਂ ਦੀਆਂ ਮਿਸਾਲਾਂ ਦਿੰਦੇ ਹਨ ਤਾਂ ਇਕ ਵੱਡੀ ਸ਼ਿਕਾਇਤ ਇਹ ਹੁੰਦੀ ਹੈ ਕਿ ਪੰਜਾਬੀ ਬੋਲਦੇ ਇਲਾਕੇ ਪੰਜਾਬੀ ਸੂਬੇ ਵਿਚੋਂ ਕੱਢ ਲਏ ਗਏ। ਇਨ੍ਹਾਂ ਪੰਜਾਬੀ ਬੋਲਦੇ ਇਲਾਕਿਆਂ ਵਿਚ ਸਭ ਤੋਂ ਵੱਧ ਉਘੜਵਾਂ ਇਲਾਕਾ ਚੰਡੀਗੜ੍ਹ ਹੈ, ਭਾਵੇਂ ਇਥੋਂ ਦੀ ਹਿੰਦੂ ਬਹੁਗਿਣਤੀ ਨੇ ਆਪਣੀ ਭਾਸ਼ਾ ਹਿੰਦੀ ਲਿਖਵਾਈ ਹੋਈ ਹੈ, ਤੇ ਇਹ ਬਹੁਗਿਣਤੀ ਪੰਜਾਬੀ ਸੂਬੇ ਵਿਚ ਮਿਲ ਕੇ ਰਾਜ਼ੀ ਨਹੀਂ। ਤਾਂ ਵੀ ਕੋਈ ਅਕਾਲੀ ਲੀਡਰਸ਼ਿਪ ਜਾਂ ਪੰਜਾਬ ਦਾ ਪੱਖ ਲੈਣ ਵਾਲੀ ਕੋਈ ਹੋਰ ਲੀਡਰਸ਼ਿਪ ਚੰਡੀਗੜ੍ਹ ਉਤੇ ਆਪਣਾ ਦਾਅਵਾ ਨਹੀਂ ਛੱਡ ਸਕਦੀ।

ਮਸਲੇ ਦੇ ਸਥਾਈ ਹੱਲ ਇਹੋ ਹੈ ਕਿ ਨਾ ਕੇਵਲ ਚੰਡੀਗੜ੍ਹ ਪੰਜਾਬ ਨੂੰ ਮਿਲੇ, ਬਲਕਿ ਹਰਿਆਣੇ ਤੇ ਪੰਜਾਬ ਦੀ ਸੀਮਾਂ ਦੇ ਨਾਲ ਨਾਲ ਜਿਹੜੇ ਪੰਜਾਬੀ ਬੋਲਦੇ ਪਿੰਡ ਹਰਿਆਣੇ ਵਿਚ ਹਨ, ਉਹ ਵੀ ਪੰਜਾਬ ਨੂੰ ਮਿਲਣ। ਬਦਲੇ ਵਿਚ ਜੇ ਕੋਈ ਹਿੰਦੀ ਬੋਲਦਾ ਪਿੰਡ ਪੰਜਾਬ ਵਿਚ ਹੈ, ਉਹ ਹਰਿਆਣੇ ਨੂੰ ਦਿਤਾ ਜਾਏ। ਭਾਵ ਇਹ ਹੈ ਕਿ ਪੰਜਾਬ ਦੀ ਹੱਦਬੰਦੀ ਵਿਚ ਜੋ ਰਹਿ ਗਈਆਂ ਘਾਟਾਂ ਹਨ, ਉਹ ਦੂਰ ਕੀਤੀਆਂ ਜਾਣ। ਭਾਸ਼ਾ ਦੇ ਆਧਾਰ ਉਤੇ ਸੀਮਾ ਦੀ ਪੁਨਰ-ਹੱਦਬੰਦੀ ਅਸੂਲ ਨੂੰ ਮੁਖ ਰੱਖ ਕੇ ਠੀਕ ਕਰ ਲਈ ਜਾਵੇ।

ਮੁਸ਼ਕਲਾਂ ਦੋ ਹਨ। ਪਹਿਲੀ ਇਹ ਹੈ ਕਿ ਪੰਜਾਬ ਸਮਝੌਤੇ ਉਤੇ ਦਸਤਖਤ ਕਰਨ ਵੇਲੇ ਅਕਾਲੀ ਇਹ ਗੱਲ ਮੰਨ ਆਏ ਕਿ ਚੰਡੀਗੜ੍ਹ ਬਦਲੇ ਹਰਿਆਣੇ ਨੂੰ ਕੋਈ ਇਲਾਕਾ ਦਿੱਤਾ ਜਾਏਗਾ। ਸਮਝੌਤੇ ਵਿਚ ਇਹ ਵੀ ਦਰਜ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਦੀ ਇੱਛਾ ਸੀ ਕਿ ਚੰਡੀਗੜ੍ਹ ਬਦਲੇ ਹਰਿਆਣਾ ਨੂੰ ਅਬੋਹਰ-ਫਾਜ਼ਿਲਕਾ ਦਿੱਤਾ ਜਾਵੇਗਾ। ਮੈਥਿਊ ਕਮਿਸ਼ਨ ਅਬੋਹਰ-ਫਾਜ਼ਿਲਕਾ ਨਾ ਦੇ ਸਕਿਆ, ਕਿਉਂਕਿ ਰਾਹ ਵਿਚ ਪੰਜਾਬੀ ਬੋਲਦੇ ਪਿੰਡ ਆ ਗਏ, ਹਾਲਾਂ ਕਿ ਕਮਿਸ਼ਨ ਦੀ ਇਹ ਰਾਇ ਵੀ ਬਿਲਕੁਲ ਗਲਤ ਸੀ ਕਿ ਅਬੋਹਰ-ਫਾਜ਼ਿਲਕਾ ਦੇ ਪਿੰਡ ਹਿੰਦੀ ਬੋਲਦੇ ਹਨ। ਇਹ ਪਿੰਡ ਹਿੰਦੀ ਬੋਲਦੇ ਨਹੀਂ, ਹਿੰਦੂ ਬਹੁ-ਗਿਣਤੀ ਦੇ ਪਿੰਡ ਹਨ। ਵੈਂਕਟਰਮਈਆ ਕਮਿਸ਼ਨ ਨੂੰ ਚਾਹੀਦਾ ਸੀ ਕਿ ਸੀਮਾ ਦੇ ਨਾਲ ਲਗਦੇ ਕੋਈ ਹੋਰ ਪਿੰਡ ਜੋ ਸਚਮੁਚ ਹਿੰਦੀ ਬੋਲਦੇ ਹੁੰਦੇ, ਹਰਿਆਣੇ ਨੂੰ ਦੇ ਕੇ ਮਾਮਲਾ ਨਿਬੇੜ ਦਿੰਦਾ ਭਾਵੇਂ ਇਹ ਰੋਸ ਫੇਰ ਵੀ ਹੁੰਦਾ ਕਿ ਫਲਾਣਾ ਪਿੰਡ ਹਿੰਦੀ ਬੋਲਦਾ ਨਹੀਂ। ਤਾਂ ਵੀ ਸਾਡਾ ਵਿਚਾਰ ਹੈ ਕਿ ਜੇ ਕਮਿਸ਼ਨ ਕੁਝ ਪਿੰਡ ਦੇਣ ਦਾ ਫੈਸਲਾ ਕਰਦਾ ਤਾਂ ਕਮਿਸ਼ਨ ਦੀ ਰਿਪੋਰਟ ਮੰਨੀ ਜਾਣੀ ਸੀ। ਪਰ ਕਮਿਸ਼ਨ ਏਕੜਾਂ ਦੀ ਗਿਣਤੀ ਵਿਚ ਪੈ ਗਿਆ ਨਾਲ ਹੀ ਇਹ ਉਪਦੇਸ਼ਾਤਮਕ ਸਿਫਾਰਸ਼ ਕਰਨ ਲਗ ਪਿਆ ਕਿ ਹਿੰਦੀ ਬੋਲਦਾ ਇਲਾਕਾ ਹੋਵੇ ਜਾਂ ਪੰਜਾਬੀ ਬੋਲਦਾ, ਹਰਿਆਣੇ ਵਿਚ ਹੋਵੇ ਜਾਂ ਪੰਜਾਬ ਵਿਚ, ਭਾਰਤ ਵਿਚ ਹੀ ਰਹਿਣਾ ਹੈ। ਇਹ ਸਾਰੀ ਸਿਫਾਰਸ਼ ਪੰਜਾਬ ਦੇ ਖਿਲਾਫ ਸੀ ਅਤੇ ਪੰਜਾਬੀ ਸੂਬੇ ਦੇ ਅਸੂਲ ਦੇ ਖਿਲਾਫ ਸੀ। ਇਹ ਸਿਫਾਰਸ਼ ਪੰਜਾਬ ਵਿਚ ਨਹੀਂ ਮੰਨੀ ਜਾਣੀ ਸੀ।

ਦੂਜਾ ਅੜਿੱਕਾ ਕੇਂਦਰ ਦਾ ਪੰਜਾਬ-ਵਿਰੋਧੀ ਅਤੇ ਹਰਿਆਣੇ ਪੱਖੀ ਵਤੀਰਾ ਹੈ। ਇਸ ਵਿਚ ਸਿਰਫ ਪੱਖਪਾਤ ਹੀ ਨਹੀਂ, ਫਿਰਕਾਪ੍ਰਸਤੀ ਵੀ ਹੈ। ਮੁਸ਼ਕਲ ਇਹ ਹੈ ਕਿ ਸਾਰੇ ਭਾਰਤ ਵਿਚ ਇਸ ਵੇਲੇ ਪੰਜਾਬ ਵਿਰੁਧ ਅਤੇ ਸਿੱਖਾਂ ਵਿਰੁੱਧ ਭਾਵਨਾ ਪੈਦਾ ਹੋ ਚੁਕੀ ਹੈ। ਇਸ ਵਿਚ ਦੋਸ਼ ਪੰਜਾਬ ਦੇ ਹਿੰਸਾਵਾਦੀ ਤੱਤਾਂ ਦਾ ਵੀ ਹੈ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਬਹੁਤ ਸਾਰੇ ਨੇਤਾ, ਕਾਂਗਰਸੀ ਵੀ ਤੇ ਗੈਰ-ਕਾਂਗਰਸੀ ਵੀ, ਅੱਜਕੱਲ੍ਹ "ਭਾਰਤੀ" ਦੇ ਤੌਰ 'ਤੇ ਨਹੀਂ ਸੋਚਦੇ "ਹਿੰਦੂ" ਦੇ ਤੌਰ 'ਤੇ ਸੋਚਦੇ ਹਨ। ਜੇ ਇਹ ਗੱਲ ਨਾ ਹੁੰਦੀ ਤਾਂ 1984 ਦੀਆਂ ਦੁਖਦਾਈ ਘਟਨਾਵਾਂ ਨਹੀਂ ਵਾਪਰਨੀਆਂ ਸਨ। ਚੰਡੀਗੜ੍ਹ, ਬਾਰੇ ਕਮਿਸ਼ਨਾਂ ਦੀਆਂ ਰਿਪੋਰਟਾਂ ਵੀ ਹਾਸੋਹੀਣੀਆਂ ਨਹੀਂ ਹੋਣੀਆਂ ਸਨ।

## ਉਪਦੇਸ਼

ਪੰਜਾਬ ਨੂੰ ਜਾਂ ਅਕਾਲੀਆਂ ਨੂੰ ਤਾਂ ਇਹ ਉਪਦੇਸ਼ ਦਿਤਾ ਜਾ ਰਿਹਾ ਹੈ ਕਿ ਕੁਝ ਇਲਾਕਾ ਇਧਰ ਹੋਇਆ ਜਾਂ ਉਧਰ, ਭਾਰਤ ਵਿਚ ਹੀ ਰਹਿਣਾ ਹੈ, ਹਰਿਆਣੇ ਨੂੰ ਇਹੋ ਉਪਦੇਸ਼ ਕਿਉਂ ਨਹੀਂ ਦਿੱਤਾ ਜਾ ਰਿਹਾ? ਸ੍ਰੀ ਭਜਨ ਲਾਲ ਦੇ ਜ਼ਮਾਨੇ ਵਿਚ ਉਨ੍ਹਾਂ ਨੂੰ ਖੁੱਲੀ ਬਿਆਨਬਾਜ਼ੀ ਦੀ ਕਿਉਂ ਛੁੱਟੀ ਸੀ? ਅਸਲ ਗੱਲ ਇਹ ਹੈ ਕਿ ਭਾਰਤ ਦੀ ਮਜ਼ਹਬੀ ਬਹੁਗਿਣਤੀ ਨੂੰ ਸਿੱਖਾਂ ਜਾਂ ਅਕਾਲੀਆਂ ਉਤੇ ਪੂਰਾ ਭਰੋਸਾ ਨਹੀਂ। ਸਭ ਨੂੰ ਖਾਲਿਸਤਾਨ ਪੱਖੀ ਸਮਝ ਲਿਆ ਗਿਆ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਜਾਨ ਸਿਰਫ ਇਸ ਕਰਕੇ ਦੇਣੀ ਪਈ ਕਿਉਂਕਿ ਉਹ ਕਥਿਤ ਖਾਲਿਸਤਾਨੀਆਂ ਤੋਂ ਲਾਪਰਵਾਹ ਹੋ ਕੇ ਸ੍ਰੀ ਰਾਜੀਵ ਗਾਂਧੀ ਨਾਲ ਸਮਝੌਤੇ ਉਤੇ ਦਸਤਖਤ ਕਰ ਆਏ। ਸ: ਸੁਰਜੀਤ ਸਿੰਘ ਬਰਨਾਲਾ ਨੇ ਇਹ ਬਦਨਾਮੀ ਖੱਟ ਲਈ ਕਿ ਉਹ ਸ੍ਰੀ ਰਾਜੀਵ ਗਾਂਧੀ ਦੇ ਇਸ਼ਾਰੇ ਉਤੇ ਚਲਦੇ ਹਨ। ਬਰਨਾਲਾ ਸਾਹਿਬ ਨੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਖਾਲਿਸਤਾਨੀਆਂ ਵਿਰੁਧ ਪੁਲੀਸ ਭੇਜ ਕੇ ਆਪਣੀ ਹੀ ਪਾਰਟੀ ਦੇ ਇਕ ਧੜੇ ਨੂੰ ਖਿਲਾਫ ਕਰ ਲੈਣ ਦਾ ਖਤਰਾ ਸਹੇੜ ਲਿਆ। ਫੇਰ ਵੀ, ਇਹ ਕੌੜ ਸਚਾਈ ਹੈ ਕਿ ਕੇਂਦਰ ਦੇ ਕਾਂਗਰਸੀ ਨੇਤਾ ਅਤੇ ਕਈ ਵਿਰੋਧੀ ਪਾਰਟੀਆਂ ਦੇ ਨੇਤਾ ਬਰਨਾਲਾ ਸਾਹਿਬ ਉਤੇ ਜਾਂ ਹੋਰ ਸਿਖ ਨੇਤਾਵਾਂ ਉਤੇ ਉਹ ਵਿਸ਼ਵਾਸ਼ ਨਹੀਂ ਰਖਦੇ, ਜੋ ਉਨ੍ਹਾਂ ਨੂੰ ਕਿਸੇ ਹਿੰਦੂ ਨੇਤਾ ਉਤੇ ਹੋ ਸਕਦਾ ਸੀ। ਕੀ ਇਹ ਸੈਕੂਲਰ ਨੀਤੀ ਹੈ? ਕੀ ਇਉਂ ਦੇਸ਼ ਦੀ ਏਕਤਾ ਮਜ਼ਬੂਤ ਹੁੰਦੀ ਹੈ ਜਾਂ ਕਮਜ਼ੋਰ? ਕੀ ਸਿੱਖਾਂ ਨੇ ਗੈਰ-ਸਿੱਖਾਂ ਨਾਲੋਂ ਘੱਟ ਕੁਰਬਾਨੀਆਂ ਦੇਸ਼ ਦੀ ਖਾਤਰ ਦਿੱਤੀਆਂ ਹਨ? ਪਾਕਿਸਤਾਨ ਵਿਰੁਧ ਯੁੱਧਾਂ ਵਿਚ ਸਿਖ ਅੱਗੇ ਵਧ ਕੇ ਨਹੀਂ ਲੜੇ? ਕੀ ਹਰਿਆਣਾ ਵਿਧਾਨ ਸਭਾ ਵਿਚ ਕਾਂਗਰਸ ਦੀ ਜਿੱਤ ਜ਼ਿਆਦਾ ਮਹੱਤਵ ਰੱਖਦੀ ਹੈ, ਜਾਂ ਸਰਹੱਦ ਉਤੇ ਬੈਠੀ ਸਿਖ ਘੱਟ ਗਿਣਤੀ ਦੀ ਸ਼ਿਕਾਇਤ ਦੂਰ ਕਰਨੀ ਜ਼ਿਆਦਾ ਜ਼ਰੂਰੀ ਹੈ ਕਿ ਸਿੱਖ ਹੋਣ

Star Drywall
Construction Co. Ltd.

- Complete Drywall Service
- Guaranteed Work
- Free Estimates

Sahib or Nake
Ph. (604) 590-2501
P.O.BOX 639
SURREY, B.C. V3T 5L9

ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਲਈ

ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਦੇ ਮਾਮਲੇ, ਅਰਜ਼ੀ ਭਰਨੀ, ਰਿਸ਼ਤੇਦਾਰ ਨੂੰ ਸਪੌਂਸਰ ਕਰਨਾ, ਰਿਫੀਊਜ਼ੀ ਕਲੇਮ, ਇਨਕੁਆਰੀ ਅਤੇ ਅਪੀਲਾਂ ਲਈ
ਮੁਫ਼ਤ ਮਸ਼ਵਰੇ ਲਈ ਮਿਲੋ
ਬਾਬੂ ਜਿਮ ਨਰਾਇਣ
ਜਿਨ੍ਹਾਂ ਦਾ ਇੰਮੀਗਰੇਸ਼ਨ ਦੇ ਮਾਮਲਿਆਂ ਵਿਚ 18 ਸਾਲ ਦਾ ਤਜਰਬਾ ਹੈ
ਹਿੰਦੀ ਤੇ ਪੰਜਾਬੀ ਵਿਚ ਗੱਲਬਾਤ ਕਰੋ
Tel. (ਟੈਲੀਫੋਨ) 873-9441
After office hours phone : 433-4685
#210 - 535 W. 10th Ave. Vancouver, B.C.

# ਚੰਡੀਗੜ੍ਹ ਦੇ ਲੋਕਾਂ ਨੂੰ ਧਮਕੀ ਭਰੇ ਪੱਤਰ

ਚੰਡੀਗੜ੍ਹ - ਚੰਡੀਗੜ੍ਹ ਦੇ ਪੁਰਅਮਨ ਮਾਹੌਲ ਨੂੰ ਭੰਗ ਕਰਨ ਲਈ ਗੁਆਂਢੀ ਰਾਜਾਂ ਤੋਂ ਆਏ ਸ਼ਰਾਰਤੀ ਤੱਤਾਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪਿਛਲੇ ਇਕ ਹਫਤੇ ਤੋਂ ਲਗਾਤਾਰ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿਚ ਡਕੈਤੀਆਂ ਤੇ ਚੋਰੀ ਦੀਆਂ ਆਮ ਵਾਰਦਾਤਾਂ ਹੋ ਰਹੀਆਂ ਹਨ।

ਇਸ ਦੇ ਇਲਾਵਾ ਕੁਝ ਸ਼ਰਾਰਤੀ ਤੱਤਾਂ ਵੱਲੋਂ ਸ਼ਹਿਰ ਦੇ ਸਿੱਖ ਨੇਤਾਵਾਂ ਤੇ ਦੁਕਾਨਦਾਰਾਂ ਨੂੰ ਧਮਕੀ ਭਰੇ ਪੱਤਰ ਮਿਲੇ ਹਨ, ਜਿਨ੍ਹਾਂ ਵਿਚ ਕਿਹਾ ਗਿਆ ਕਿ ਜੇਕਰ ਉਨ੍ਹਾਂ ਪੰਦਰਾਂ ਦਿਨਾਂ ਵਿਚ ਸ਼ਹਿਰ ਨਾ ਛੱਡਿਆ ਤਾਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਖਤਮ ਕਰ ਦਿੱਤਾ ਜਾਵੇਗਾ। ਸ਼ਰਾਰਤੀ ਤੱਤ ਇਹ ਚਿੱਠੀਆਂ ਸ਼ਿਵ ਸੈਨਾ ਦੇ ਨਾਮ 'ਤੇ ਲਿਖ ਰਹੇ ਹਨ। ਚਿੱਠੀਆਂ ਵਿਚ ਕਿਹਾ ਗਿਆ ਕਿ ਜੇਕਰ ਸਿੱਖਾਂ ਨੇ ਸ਼ਿਵ ਸੈਨਾ ਦਾ ਹੁਕਮ ਨਾ ਮੰਨਿਆ ਤਾਂ ਉਨ੍ਹਾਂ ਦਾ ਦਿੱਲੀ ਵਾਲਾ ਹਾਲ ਕੀਤਾ ਜਾਵੇਗਾ। ਇਨ੍ਹਾਂ ਚਿੱਠੀਆਂ ਦੀ ਨਕਲ ਚੰਡੀਗੜ੍ਹ ਪੁਲੀਸ ਨੂੰ ਭੇਜ ਦਿੱਤੀ ਗਈ ਹੈ ਤੇ ਪੁਲੀਸ ਨੇ ਧਮਕੀਆਂ ਭਰੇ ਪੱਤਰ ਲਿਖਣ ਵਾਲਿਆਂ ਦੀ ਤਫਤੀਸ਼ ਸ਼ੁਰੂ ਕਰ ਦਿਤੀ ਹੈ।

ਚੰਡੀਗੜ੍ਹ ਪੁਲੀਸ ਪਿਛਲੇ ਇਕ ਹਫਤੇ ਵਿਚ ਲਗਪਗ ਇਕ ਦਰਜਨ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਪ੍ਰੰਤੂ ਅਜੇ ਤੱਕ ਇਹ ਪਤਾ ਨਹੀਂ ਚਲ ਸਕਿਆ ਕਿ ਦੂਜੇ ਫਿਰਕੇ ਦੇ ਲੋਕਾਂ ਨੂੰ ਧਮਕੀਆਂ ਭਰੇ ਪੱਤਰ ਲਿਖਣ ਵਿਚ ਕਿਸ ਦਾ ਹੱਥ ਹੈ। ਇਥੇ ਇਹ ਗੱਲ ਵਰਨਣਯੋਗ ਹੈ ਕਿ ਕੁਝ ਦਿਨ ਪਹਿਲਾਂ ਚੰਡੀਗੜ੍ਹ ਅਨਾਜ ਮੰਡੀ ਤੇ ਸਬਜ਼ੀ ਮੰਡੀ ਦੇ ਕੁਝ ਵਪਾਰੀਆਂ ਨੂੰ ਵੀ ਧਮਕੀ ਭਰੇ ਪੱਤਰ ਮਿਲੇ ਸਨ। ਇਨ੍ਹਾਂ ਧਮਕੀ ਭਰੇ ਪੱਤਰਾਂ ਤੋਂ ਇਹ ਸੰਕੇਤ ਮਿਲਦੇ ਹਨ ਕਿ ਅਤਿਵਾਦੀਆਂ ਤੇ ਸ਼ਿਵ ਸੈਨਾ ਦੇ ਹਮਾਇਤੀ ਚੰਡੀਗੜ੍ਹ ਦਾ ਅਮਨ ਭੰਗ ਕਰਨ ਲਈ ਮੁੜ ਤਿਆਰ ਹੋ ਗਏ ਹਨ। ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਹਰਿਆਣਾ ਪੁਲੀਸ ਤੇ ਚੰਡੀਗੜ੍ਹ ਪੁਲੀਸ ਵਿਚ ਕੁਝ ਅਜਿਹੇ ਅੰਸ਼ ਮੌਜੂਦ ਹਨ ਜਿਨ੍ਹਾਂ ਦੀ ਸ਼ਿਵ ਸੈਨਾ ਨੂੰ ਸ਼ਹਿ ਮਿਲੀ ਹੋਈ ਹੈ। ਇਸਦੇ ਨਾਲ ਮੌਜੂਦਾ ਵਾਤਾਵਰਨ ਨੂੰ ਵੇਖਦਿਆਂ ਸ਼ਰਾਰਤੀ ਤੇ ਸਮਾਜ ਦੁਸ਼ਮਣ ਤੱਤਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਹਨ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਪਿਛਲੇ ਸਾਲ ਜੁਲਾਈ ਵਿਚ ਜਦੋਂ ਤੋਂ ਸੁਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਿਚ ਸਮਝੌਤਾ ਹੋਇਆ, ਚੰਡੀਗੜ੍ਹ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਤੋਂ ਮੁਕਤ ਰਿਹਾ। ਹਿੰਦੂ-ਸਿੱਖ ਏਕਤਾ ਹੋਰ ਮਜ਼ਬੂਤ ਹੋਈ, ਫਿਰਕੂ ਸਦਭਾਵਨਾ ਕਾਇਮ ਰਹੀ। ਜਦੋਂ ਵੀ ਕੋਈ ਗੜਬੜ ਵਾਲੀ ਘਟਨਾ ਹੋਈ ਤਾਂ ਦੋਹਾਂ ਫਿਰਕਿਆਂ ਦੇ ਆਗੂਆਂ ਨੇ ਪ੍ਰਸ਼ਾਸਨ ਨੂੰ ਸਹਿਯੋਗ ਦੇ ਕੇ ਸਥਿਤੀ 'ਤੇ ਕਾਬੂ ਪਾਇਆ।

ਹਰਿਆਣਾ ਦੇ ਜ਼ਿਲਾ ਅੰਬਾਲਾ ਤੇ ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿਚ ਗੜਬੜ ਕਾਰਨ ਕੁਝ ਸ਼ਰਾਰਤੀ ਤੱਤ ਚੰਡੀਗੜ੍ਹ ਵਿਚ ਦਾਖਲ ਹੋਣ ਵਿਚ ਸਫਲ ਹੋਏ ਲਗਦੇ ਹਨ। ਪੁਲਸ, ਸੁਰੱਖਿਆ ਦਲਾਂ ਤੇ ਖੁਫੀਆਂ ਏਜੰਸੀਆਂ ਦੇ ਦਸਤੇ ਸ਼ਰਾਰਤੀ ਅਨਸਰਾਂ ਦੀ ਖੋਜ ਵਿਚ ਰੁੱਝੇ ਹੋਏ ਹਨ ਅਤੇ ਪ੍ਰਸ਼ਾਸ਼ਨ ਨੇ ਗੜਬੜ ਕਰਨ ਵਾਲੇ ਤੱਤਾਂ ਨੂੰ ਸਖਤੀ ਨਾਲ ਦਬਾ ਦੇਣ ਦੇ ਆਦੇਸ਼ ਦਿੱਤੇ ਹਨ।

---

ਪੰਨਾ ੫ ਦੀ ਬਾਕੀ

ਕਰਕੇ ਸਾਡੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ? ਜ਼ੁਲਮ ਵਾਲੀ ਗੱਲ ਇਹ ਹੈ ਕਿ ਅਕਾਲੀ ਹੀ ਨਹੀਂ, ਅਕਾਲੀਆਂ ਦੇ ਵਿਰੋਧੀ ਕਥਿਤ ਅਤਿਵਾਦੀ ਸਿਖ ਵੀ, ਪੰਜਾਬ ਵਿਚੋਂ ਕੋਈ ਇਲਾਕਾ ਬਾਹਰ ਕੱਢ ਕੇ ਰਾਜ਼ੀ ਨਹੀਂ। ਭਾਵੇਂ ਉਹ ਹਿੰਦੂ ਬਹੁਗਿਣਤੀ ਵਾਲਾ ਵੀ ਹੈ ਪਰ ਕੇਂਦਰ ਪੰਜਾਬ ਵਿਚੋਂ ਹਿੰਦੂ ਬਹੁਗਿਣਤੀ ਵਾਲੇ ਇਲਾਕੇ, ਹਿੰਦੀ ਬੋਲਦੇ ਕਹਿ ਕੇ, ਬਾਹਰ ਕੱਢਣਾ ਚਾਹੁੰਦਾ ਹੈ। ਕੇਂਦਰ ਗਲਤ ਹੈ ਕਿ ਪੰਜਾਬ ਦੇ ਨੇਤਾ?

ਉਪਰੋਕਤ ਕਿਸਮ ਦਾ ਤੁਅੱਸਬ ਦੇਖ ਕੇ ਕਈ ਸਿੱਖ ਵਧੇਰੇ ਵੱਖਵਾਦੀ ਵਿਚਾਰ ਅਪਨਾਉਣ ਲਈ ਤਿਆਰ ਹੋ ਜਾਂਦੇ ਹਨ। ਇਹ ਪਹੁੰਚ ਵੀ ਸਹੀ ਹੱਲ ਨਹੀਂ। ਇਹ ਸਿੱਖ ਧਰਮ ਦੇ ਨੇਮਾਂ ਦੇ ਮੁਤਾਬਕ ਵੀ ਨਹੀਂ। ਬਹੁਤੇ ਧਰਮਾਂ, ਬਹੁਤੀਆਂ ਭਾਸ਼ਾਵਾਂ ਅਤੇ ਬਹੁਤੀਆਂ ਨਸਲਾਂ ਵਾਲੇ ਦੇਸ਼ ਵਿਚ ਇਕ ਧਿਰ ਦੀ ਫਿਰਕਾਪ੍ਰਸਤੀ ਦੇ ਜਵਾਬ ਵਿਚ ਦੂਜੀ ਧਿਰ ਦੀ ਫਿਰਕਾਪ੍ਰਸਤੀ ਸਭ ਲਈ ਹਾਨੀਕਾਰਕ ਹੈ, ਖਾਸ ਕਰਕੇ ਘੱਟ ਗਿਣਤੀਆਂ ਲਈ।

ਇਸ ਤੁਅੱਸਬ ਨੂੰ ਨੰਗਾ ਕਰਨਾ ਚਾਹੀਦਾ ਹੈ। ਇਸ ਤੁਅੱਸਬ ਵਿਰੁਧ ਲੋਕਤੰਤਰੀ ਅਤੇ ਅਗਾਂਹਵਧੂ ਅੰਸ਼ਾਂ ਦੀ ਲੋਕ ਰਾਇ ਪੈਦਾ ਕਰਨੀ ਚਾਹੀਦੀ ਹੈ। ਸਾਰੇ ਭਾਰਤ ਵਿਚ ਬਹੁਗਿਣਤੀ ਫਿਰਕੇ ਦੀ ਲਾਮਬੰਦੀ, ਜੋ 1980 ਈ. ਤੋਂ ਬਾਅਦ ਹੋਈ ਹੈ, ਉਹ 1980 ਈ. ਤੋਂ ਪਹਿਲਾਂ ਨਹੀਂ ਹੁੰਦੀ ਸੀ। ਵਧੇਰੇ ਵੱਖਵਾਦੀ ਬਣਨ ਦੀ ਥਾਂ ਬਹੁਗਿਣਤੀ ਫਿਰਕੇ ਦੀ ਲਾਮਬੰਦੀ ਤੋੜਨ ਦੇ ਯਤਨ ਕਰਨੇ ਚਾਹੀਦੇ ਹਨ। ਤੁਅੱਸਬ ਸਦਾ ਇਕੋ ਜਿਹੇ ਨਹੀਂ ਰਹਿੰਦੇ। ਇਹ ਘਟਦੇ ਵਧਦੇ ਹਨ ਪੰਜਾਬ ਵਿਚ ਸਿੱਖਾਂ ਤੇ ਹਿੰਦੂਆਂ ਵਿਚ ਜੋ ਪਾੜਾ ਅੱਜ ਹੈ, ਇਹ ਪਹਿਲਾਂ ਨਹੀਂ ਹੁੰਦਾ ਸੀ। ਮਨੁੱਖ ਜਾਤੀ ਪਹਿਲੇ ਜਮਾਨਿਆਂ ਵਿਚ ਵਧੇਰੇ ਅਸਹਿਣਸ਼ੀਲ ਹੁੰਦੀ ਸੀ। ਦਿਨੋ ਦਿਨ ਸਹਿਣਸ਼ੀਲਤਾ ਵਧੀ ਹੈ, ਤੇ ਵਧਣੀ ਚਾਹੀਦੀ ਹੈ।

ਭਾਰਤ ਵਿਚ ਪਿਛਲੇ ਸਾਲਾਂ ਵਿਚ ਅਸਹਿਣਸ਼ੀਲਤਾ ਵਧੀ ਹੈ ਪਰ ਪੰਜਾਬ, ਆਸਾਮ ਅਤੇ ਮਿਜ਼ੋਰਮ ਦੇ ਸਵਾਲ ਉਤੇ ਕੀਤੇ ਸਮਝੌਤੇ ਸਿੱਧ ਕਰਦੇ ਹਨ ਕਿ ਕੇਂਦਰੀ ਨੇਤਾ ਵੋਟਾਂ ਦੀ ਖਾਤਰ ਗਲਤ ਨੀਤੀਆਂ ਧਾਰਨ ਕਰ ਲੈਂਦੇ ਹਨ ਪਰ ਵਿਗੜਦੇ ਹਾਲਾਤ ਦੇਖ ਕੇ ਪਿੱਛੇ ਵੀ ਹਟਦੇ ਹਨ।

ਆਓ! ਪੰਜਾਬ ਦੇ ਸਵਾਲ 'ਤੇ ਵੀ ਅਸੂਲੀ ਸਟੈਂਡ ਲਈਏ, ਪਰ ਨਾਲ ਨਾਲ ਭੜਕੇ ਜਜ਼ਬੇ, ਹੋਰ ਭੜਕਾਈ ਜਾਣ ਦੀ ਥਾਂ ਅਗਾਂਹਵਧੂ ਵਿਚਾਰਾਂ ਨੂੰ ਉਭਾਰੀਏ। ਲੋਕ-ਰਾਏ ਬਦਲੀਏ। ਚੰਡੀਗੜ੍ਹ ਦੇ ਸਵਾਲ ਉਤੇ ਅਤੇ ਸੀਮਾ ਦੇ ਸਵਾਲ ਉਤੇ ਅਜਿਹੇ ਹੱਲ ਨਾ ਮੰਨੀਏ, ਜੋ ਵਕਤੀ ਹਨ ਤੇ ਜਿਨ੍ਹਾਂ ਨੇ ਪਿੱਛੋਂ ਹੋਰ ਅੰਦੋਲਨਾਂ ਨੂੰ ਜਨਮ ਦੇਣਾ ਹੈ। ਅਸੂਲੀ ਹੱਕ ਪੇਸ਼ ਕਰੀਏ ਤੇ ਮੰਨੀਏ।

# ਅਕਾਲੀ ਦਲ 'ਚ ਫੁੱਟ ਪਾਉਣਾ ਅਫਸੋਸਨਾਕ — ਕਾਂਝਲਾ

ਬਰਨਾਲਾ — ਪੰਜਾਬ ਦੇ ਸੰਸਦੀ ਸਕੱਤਰ ਗੋਬਿੰਦ ਸਿੰਘ ਕਾਂਝਲਾ ਨੇ ਕਿਹਾ ਕਿ ਬਾਗੀ ਅਕਾਲੀਆਂ ਵਲੋਂ ਵੱਖਰੀ ਪਾਰਟੀ ਬਨਾਉਣਾ ਅਫਸੋਸਨਾਕ ਹੈ ਅਤੇ ਇਸ ਕਦਮ ਨਾਲ ਪੰਜਾਬ ਵਿਰੋਧੀਆਂ ਦੇ ਹੀ ਹੱਥ ਮਜ਼ਬੂਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਆਲ ਇੰਡੀਆ ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਵਿੰਗ ਸ਼੍ਰੋਮਣੀ ਅਕਾਲੀ ਦਲ ਵਿਚ ਵਿਚਾਰ ਵਟਾਂਦਰਾ ਹੋਇਆ ਸੀ ਅਤੇ ਅਸੀਂ ਸਾਰੇ ਇਸ ਨਤੀਜੇ ਉਤੇ ਪੁਜੇ ਹਾਂ ਕਿ ਪਾਰਟੀ ਪ੍ਰਧਾਨ ਤੇ ਮੁਖ ਮੰਤਰੀ ਵਜੋਂ ਇਸ ਸਮੇਂ ਸ: ਸੁਰਜੀਤ ਸਿੰਘ ਬਰਨਾਲਾ ਹੀ ਯੋਗ ਅਗਵਾਈ ਕਰ ਸਕਦੇ ਹਨ। ਪੰਜਾਬ ਸਮਝੌਤੇ ਨੂੰ ਉਹੋ ਹੀ ਪੂਰੀ ਤਰ੍ਹਾਂ ਲਾਗੂ ਕਰਵਾ ਸਕਦੇ ਹਨ।

ਬਾਗੀਆਂ ਦੇ ਸਮਾਗਮ ਵਿਚ ਹਾਜ਼ਰੀ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ ਕਿ ਇਸ ਬਾਰੇ ਠੀਕ ਵੇਰਵੇ ਤਾਂ ਪਾਰਟੀ ਪ੍ਰਧਾਨ ਸ੍ਰੀ ਬਰਨਾਲਾ ਹੀ ਦੇ ਸਕਦੇ ਹਨ। ਜਿਥੋਂ ਤੱਕ ਮੇਰੀ ਜਾਣਕਾਰੀ ਹੈ, ਦੱਸੇ ਅੰਕੜੇ ਠੀਕ ਨਹੀਂ ਹਨ। ਬਹੁਤ ਘੱਟ ਡੈਲੀਗੇਟਾਂ ਨੇ ਭਾਗ ਲਿਆ ਹੈ, ਇਸੇ ਕਾਰਨ ਨਾਵਾਂ ਦੀ ਸਿਲਟ ਪ੍ਰਕਾਸ਼ਤ ਨਹੀਂ ਕੀਤੀ ਗਈ। ਸ੍ਰੀ ਕਾਂਝਲਾ ਨੇ ਹਲਕਾ ਸ਼ੇਰਪੁਰ ਦੇ ਪਿੰਡ ਹਥਨ ਤੋਂ ਫੈਜ਼ਗੜ੍ਹ ਅਤੇ ਸ਼ੇਰਪੁਰ ਤੋਂ ਬੜੀ ਤਕ ਦੀਆਂ ਦੋ ਲਿੰਕ ਸੜਕਾਂ ਦੇ ਨੀਂਹ-ਪੱਥਰ ਰੱਖੇ।

## ਸ਼ਰਾਰਤੀ ਅਨਸਰ ਦਬਾਅ ਦਿਤੇ ਜਾਣ

ਬਲਾਚੌਰ — ਜਥੇਦਾਰ ਤ੍ਰਿਲੋਚਨ ਸਿੰਘ ਬੱਬਰ ਮਜਾਰਾ ਸਾਬਕਾ ਪ੍ਰਚਾਰ ਸਕੱਤਰ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਕੁਝ ਸ਼ਰਾਰਤੀ ਅਨਸਰ ਆਪਣੇ ਮੁਫਾਦ ਲਈ ਪੰਜਾਬ ਨੂੰ ਖਰਾਬ ਕਰਨਾ ਚਾਹੁੰਦੇ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਅਨਸਰਾਂ ਨੂੰ ਨੱਥ ਪਾਵੇ। ਉਨ੍ਹਾਂ ਕਿਹਾ ਕਿ ਹਿੰਦੂ-ਸਿਖ ਪੰਜਾਬ ਦੀ ਸੱਜੀ ਤੇ ਖੱਬੀ ਅੱਖ ਹਨ। ਇਨ੍ਹਾਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਆਪਸੀ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੂਰੀ ਸੰਜੀਦਗੀ ਨਾਲ ਪੰਜਾਬ ਮਸਲਾ ਹੱਲ ਕਰੇ।

---

ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

Mutual of Omaha Insurance Company — La Mutuelle d'Omaha Compagnie d'assurance

**Farm Owners and their Employees Special Plan**

Disability — $1,250 TAX FREE per month for Accident/Sickness, Pays benefits to Age 65

Farm Overhead Expense — Pays up to $1,250 of all the FARM OWNERS OVERHEAD expenses if they are sick or hurt.

Farm & Quipment Mortgage Protection — Pays up to $1,000,000.00

Dental — Pays up to $1.000/year each

Basically, Mortgage Insurance is :

When you are sick or injured and unable to work, Mutual of Omaha's Mortgage Expense plan will provide the cash to allow you to continue your mortgage payments for as long as 18 months.

In this way, you ensure you and your family retain ownership, sepecially during the bad times.

For further information call :

Ajit Sidhu Bus: 298-7281 Res: 584-4516

ਅਸੀਂ ਵਿਜ਼ਟਰਾਂ ਦੀ ਇਨਸ਼ੋਰੈਂਸ ਵੀ ਕਰਦੇ ਹਾਂ



**ਫਾਰਮ ਮਾਲਕਾਂ ਅਤੇ ਉਨ੍ਹਾਂ ਦੇ ਵਰਕਰਾਂ ਲਈ ਸਪੈਸ਼ਲ ਪਲਾਨ**

- ਜੇ ਫਾਰਮਰ ਕੰਮ ਕਰਨ ਯੋਗ ਨਾ ਰਹੇ ਤਾਂ 1250 ਡਾਲਰ ਮਹੀਨਾ (ਟੈਕਸ ਫਰੀ) — ਇਹ ਫਾਇਦਾ 65 ਸਾਲ ਦੀ ਉਮਰ ਤੱਕ —
- ਫਾਰਮ ਦੇ ਖਰਚ ਦਾ 1250 ਡਾਲਰ ਤੱਕ ਮਹੀਨਾ —
- ਫਾਰਮ ਦੀ ਮਸ਼ੀਨਰੀ ਤੇ ਮਾਰਗੇਜ ਪ੍ਰੋਟੈਕਸ਼ਨ 1,000,000 ਤੱਕ।
- ਡੈਂਟਲ ਕਵਰੇਜ਼ — 1000 ਡਾਲਰ ਸਾਲਾਨਾ
- ਜੇ ਤੁਸੀਂ ਬੀਮਾਰ ਜਾਂ ਜ਼ਖਮੀ ਹੋ ਜਾਂਦੇ ਹੋ ਤਾਂ ਕੰਪਨੀ 18 ਮਹੀਨੇ ਤੱਕ ਤੁਹਾਡੀਆਂ ਕਿਸ਼ਤਾਂ ਤੋਰਨ ਲਈ ਕੈਸ਼ ਦਿੰਦੀ ਹੈ —

ਅੱਜ ਹੀ ਹੋਰ ਜਾਣਕਾਰੀ ਲਈ ਫੋਨ ਕਰੋ :

ਅਜੀਤ ਸਿੱਧੂ

SUITE 240, SPERLING PLAZA - 6450 ROBERT STREET BURNABY, B.C. V5G 4E1

Bus: 298-7281
Res: 584-4516

# ਮਜ਼ਦੂਰ ਸਭਾ, ਗ੍ਰੇਟ ਬ੍ਰਿਟਨ ਉਤੇ ਇਕ ਝਾਤ

—ਅਜੀਤ ਸਿੰਘ—

ਅਜੀਤ ਸਿੰਘ ਜੋ ਕਿ ਮਜ਼ਦੂਰ ਸਭਾ ਸਾਊਥਆਲ ਦੇ ਫੌਂਡਰ ਮੈਂਬਰ ਤੇ ਇਸ ਜਥੇਬੰਦੀ ਦੇ ਮੋਢੀਆਂ ਵਿਚੋਂ ਹਨ ਉਹ ਲੜੀਵਾਰ ਮਜ਼ਦੂਰ ਸਭਾ ਸਾਊਥਆਲ ਬਾਰੇ ਲੜੀਵਾਰ ਜਾਣਕਾਰੀ ਦੇ ਰਹੇ ਹਨ ।

1953 ਤੋਂ ਬਾਦ ਜਦੋਂ ਬਹੁਤ ਸਾਰੇ ਲੋਕੀ ਆਉਣੇ ਸ਼ੁਰੂ ਹੋਏ ਤਾਂ ਮਹਿਸੂਸ ਹੋਇਆ ਕਿ ਇਕ ਜਥੇਬੰਦੀ ਦੀ ਲੋੜ ਹੈ। ਕਈ ਫੈਕਟਰੀਆਂ 'ਚ ਆਪਣੇ ਲੋਕਾਂ ਨਾਲ ਕੁਟ ਮਾਰ ਹੁੰਦੀ ਸੀ ਤੇ ਕਈ ਐਸੀਆਂ ਭੀ ਘਟਨਾਵਾਂ ਹੋਈਆਂ ਕਿ ਲੋਕਾਂ ਦੇ ਪੈਸੇ ਭੀ ਖੋਹੇ ਗਏ ਤੇ ਜਿਹੜੇ ਸਾਊਥਆਲ 'ਚ ਇੱਕੜ ਦੁੱਕੜ ਘਰ ਸੀ ਉਨ੍ਹਾਂ ਦੇ ਸ਼ੀਸ਼ੇ ਭੀ ਭੰਨੇ ਗਏ। ਸਭ ਤੋਂ ਵੱਡੀ ਔਕੜ ਇਹ ਸੀ ਕਿ ਇੰਡੀਆ ਤੋਂ ਆਉਣਾ ਸੌਖਾ ਸੀ ਪਰ ਫੈਮਿਲੀ ਮੰਗਾਉਣੀ ਔਖੀ ਸੀ । ਪਹਿਲਾਂ ਲੋਕੀ ਸਿੰਘਾਂਪੁਰ, ਮਲਾਇਆ, ਫਿਲਪੀਨ ਵਰਗੇ ਮੁਲਕਾਂ ਦੇ ਪਾਸਪੋਰਟ ਬਣਾ ਕੇ ਤੇ ਇੰਗਲੈਂਡ ਦੀ ਇੰਡਰੋਜ਼ਮੈਂਟ ਕਰਾ ਕੇ ਇੰਗਲੈਂਡ ਆ ਜਾਂਦੇ ਸੀ । ਪਰ ਉਹਨਾਂ ਦੇ ਨਾਂ ਤੇ ਪਤੇ ਇੰਡੀਆ 'ਚ ਬਦਲੇ ਹੋਣ ਕਾਰਨ, ਉਨ੍ਹਾਂ ਦੇ ਬਾਲ ਬੱਚੇ ਤੇ ਘਰ ਵਾਲੀ ਆਉਣ ਲਈ ਉਨ੍ਹਾਂ ਦੀ ਠੀਕ ਇੰਡਿਨਟਟੀ ਨਹੀਂ ਸੀ ਬਣਦੀ। ਤੇ ਜਦੋਂ ਉਹ ਆਪਣੇ ਪਰਵਾਰ ਮੰਗਾਉਣਾ ਚਾਹੁੰਦੇ ਸਨ ਤਾਂ ਉਨ੍ਹਾਂ ਦੀ ਕੋਈ ਠੀਕ ਸ਼ਨਾਖਤ ਹੀ ਨਹੀਂ ਸੀ ਹੋ ਸਕਦੀ। ਕਿਉਂਕਿ ਉਨ੍ਹਾਂ ਚੋਂ ਆਮ ਬਹੁਤੇ ਨਾਂ ਤੇ ਥਾਂ ਬਦਲੀ ਕਰਕੇ ਆਏ ਸਨ । ਤੇ ਇਥੇ ਇੰਗਲੈਂਡ 'ਚ ਬਿਨਾਂ ਪਰਵਾਰ ਹੋਣ ਕਾਰਨ ਕਈ ਹੋਰ ਮੁਸ਼ਕਲਾਂ ਪੈਦਾ ਹੋ ਰਹੀਆਂ ਸਨ ਕਈਆਂ ਨੇ ਗੋਰੀਆਂ ਰਖ ਲਈਆਂ ਤੇ ਕਈ ਉਂਜ ਹੀ ਭਟਕਦੇ ਰਹੇ। ਇਨ੍ਹਾਂ ਸਾਰੀਆਂ ਮੁਸ਼ਕਲਾਂ ਨੂੰ ਮੁਖ ਰੱਖ ਕੇ ਕੁਝ ਸਿਆਣੇ ਬੰਦਿਆਂ ਨੇ ਇਹ ਫੈਸਲਾ ਕੀਤਾ ਕਿ ਇੰਡੀਆ ਤੋਂ ਪਰਵਾਰ ਮੰਗਾਏ ਜਾਣ ਤਾਂ ਕਿ ਸੋਸ਼ਲ ਟੈਨਸ਼ਨ ਘਟ ਸਕੇ। ਪਰ ਅੰਗਰੇਜ਼ਾਂ ਤੇ ਦਬਾਓ ਪਾਉਣਾ ਏਨਾ ਮੁਸ਼ਕਲ ਨਹੀਂ ਸੀ। ਬਹੁਤ ਸਾਰੇ ਲੇਬਰ ਮੈਂਬਰ ਪਾਰਲੀਮੈਂਟ ਸਾਡੇ ਨਾਲ ਹਮਦਰਦੀ ਰਖਦੇ ਸਨ ਉਨ੍ਹਾਂ ਦੀ ਸਰਕਾਰੇ ਦਰਬਾਰੇ ਅਸਰ ਰਸੂਖਤੀ ਸੀ ਪਰ ਇੰਡੀਅਨ ਸਰਕਾਰ ਨੂੰ ਹਰਕਤ 'ਚ ਲਿਆਉਣਾ ਮੁਸ਼ਕਲ ਸੀ। ਉਨ੍ਹਾਂ ਜਿਹੜੇ ਲੋਕੀ ਇੰਗਲੈਂਡ ਹੇਰਾ ਫੇਰੀ ਨਾਲ ਆ ਗਏ ਸਨ ਉਨ੍ਹਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਇਨ੍ਹਾਂ ਤੇ ਹੋਰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਇਕੱਲੇ ਦੁਕੱਲੇ ਦੀ ਪੇਸ਼ ਨਹੀਂ ਸੀ ਜਾਂਦੀ ਤਾਂ ਕੁਝ ਸਿਰ ਕੱਢ ਸੋਚਵਾਨਾਂ ਨੇ ਇਹ ਫੈਸਲਾ ਕੀਤਾ ਕਿ ਇਕੱਲਾ ਦੁਕੱਲਾ ਕੁਝ ਨਹੀਂ ਕਰ ਸਕਦਾ ਇਸ ਲਈ ਇਕ ਜਥੇਬੰਦੀ ਦੀ ਲੋੜ ਹੈ ਜੋ ਇਸ ਸਾਂਝੀਆਂ ਮੰਗਾਂ ਨੂੰ ਉਠਾਏ ਤੇ ਬਰਤਾਨਵੀ ਤੇ ਹਿੰਦੁਸਤਾਨੀ ਸਰਕਾਰ ਤੇ ਜ਼ੋਰ ਪਾਏ ਕਿ ਪਰਵਾਰਾਂ ਨੂੰ ਇੰਡੀਆ ਤੋਂ ਆਉਣ ਦੀ ਖੁਲ੍ਹ ਦਿੱਤੀ ਜਾਵੇ। ਇਹ ਤੇ ਹੋਰ ਮਸਲੇ ਜਥੇਬੰਦੀ ਰਾਹੀਂ ਸੁਲਝਾਉਣ ਦੇ ਖਿਆਲ ਨਾਲ ਇਹ ਫੈਸਲਾ ਵੀ ਕੀਤਾ ਗਿਆ ਕਿ ਹੋਰ ਜਥੇਬੰਦੀ ਖੜੀ ਕਰਨ ਨਾਲੋਂ ਜੋ ਪਹਿਲਾਂ ਹੀ ਚਲ ਰਹੀ ਹੈ ਭਾਵੇਂ ਉਸਦੀ ਕੋਈ ਐਕਟੀਵਿਟੀ ਨਹੀਂ ਉਸੇ ਹੀ ਇੰਡੀਅਨ ਵਰਕਰਜ਼ ਐਸੋ: ਨੂੰ ਕਿਉਂ ਨਾ ਮੁੜ ਸੁਰਜੀਤ ਕੀਤਾ ਜਾਵੇ। ਇਸੇ ਹੀ ਖਿਆਲ ਨੂੰ ਲੈ ਕੇ ਲੰਡਨ ਦੇ ਮਸ਼ਹੂਰ ਹੌਲ ਬਰੋਨ ਹਾਲ 'ਚ ਮੀਟਿੰਗ ਬੁਲਾਈ ਗਈ। ਉਸ ਵੇਲੇ ਮਿ: ਗਰੇਵਾਲ ਇਸ ਜਥੇਬੰਦੀ ਦੇ ਸੈਕਟਰੀ ਸਨ ਤੇ ਚੌਧਰੀ ਅਕਬਰ ਅਲੀ ਖਾਨ ਇਸਦੇ ਪਰਧਾਨ ਸਨ। ਇਹ ਦੋਵੇਂ ਹੀ ਲੰਡਨ 'ਚ ਬਿਜਨੈਸ ਕਰਦੇ ਸਨ । ਇਮਾਨਦਾਰ ਸਨ ਪਰ ਨਵੀਆਂ ਪੈਦਾ ਹੋਈਆਂ ਮੁਸ਼ਕਲਾਂ ਤੋਂ ਅਣਜਾਣ ਸਨ । ਇਸ ਮੀਟਿੰਗ ਵਿਚ ਨਵੇਂ ਅਹੁਦੇਦਾਰਾਂ ਦੀ ਚੋਣ ਹੋਈ ਕੁਲ ਸੱਤਰ ਮੈਂਬਰਾਂ ਦੀ ਹਾਜ਼ਰੀ ਸੀ। ਜਿਨ੍ਹਾਂ 'ਚ ਬਹੁਤੇ ਸਾਊਥਆਲ ਤੋਂ ਹੀ ਸਨ। ਸਾਊਥਆਲ ਹਾਲੇ ਵਧਣਾ ਸ਼ੁਰੂ ਹੋਇਆ ਸੀ, ਇਸ ਮੀਟਿੰਗ ਵਿਚ ਗਰੇਵਾਲ ਸਾਹਿਬ ਦੀ ਗੈਰ ਹਾਜ਼ਰੀ 'ਚ ਸ. ਰਤਨ ਸਿੰਘ ਨੂੰ ਚੌਧਰੀ ਅਕਬਰ ਅਲੀ ਖਾਨ ਨਾਲ ਸੈਕਟਰੀ ਚੁਣਿਆ ਗਿਆ। ਬਗੀਚਾ ਸਿੰਘ ਧਾਮੀ ਜੋ ਕਿ ਜਸਵੰਤ ਸਿੰਘ ਧਾਮੀ ਦੇ ਭਤੀਜੇ ਹਨ ਨੂੰ ਮੀਤ ਪਰਧਾਨ, ਅਮਰ ਸਿੰਘ ਤੱਖਰ ਅਸਿਸਟੈਂਟ ਸੈਕਟਰੀ ਤੇ ਮੈਨੂੰ ਫੈਲਫੇਅਰ ਸੈਕਟਰੀ ਚੁਣਿਆ ਗਿਆ ਪਰ ਉਸ ਵੇਲੇ I.W.A. ਦਾ ਵਿਧਾਨ ਕੋਈ ਨਹੀਂ ਸੀ। I.W.A. ਦਾ ਪਹਿਲਾਂ ਵਿਧਾਨ ਕਵੈਂਟਰੀ ਸ਼੍ਰੀ ਅੰਤਤ ਰਾਮ ਕੌਲ ਸੀ ਜੋ ਕਵੈਂਟਰੀ ਬਰਾਂਚ ਦੇ ਪਰਧਾਨ ਸਨ। ਮੈਨੂੰ ਉਨ੍ਹਾਂ ਤੋਂ ਵਿਧਾਨ ਦੀ ਕਾਪੀ ਲਿਆਉਣ ਲਈ ਕਿਹਾ ਗਿਆ ਜਦੋਂ ਮੈਂ ਵਿਧਾਨ ਲੈ ਕੇ ਆਇਆ ਤਾਂ ਇਸ ਨੂੰ ਦੁਬਾਰਾ ਲਿਖਣ ਲਈ ਇਕ ਸੰਮਤੀ ਨੀਅਤ ਹੋਈ। ਜਿਸ ਵਿਚ ਸ. ਰਤਨ ਸਿੰਘ, ਸ. ਪਰਮਾਰ, ਸ. ਬਗੀਚਾ ਸਿੰਘ ਧਾਮੀ ਸਨ ।

(ਚਲਦਾ)

ਅਗਲੇ ਅੰਕ ਵਿਚ ਸਾਊਥਆਲ ਦੀ ਵਖਰੀ ਜਥੇਬੰਦੀ ਤੇ ਡਮੀਨੀਅਨ ਸਿਨਮੇ ਦੀ ਖਰੀਦ ਬਾਰੇ ਪੜ੍ਹੋ

# ਪੰਜਾਬ ਵਿਚ ਫੌਜ ਤਾਇਨਾਤ ਕਰਨ ਦੀ ਮੰਗ ਦੁਹਰਾਈ

ਧਰਮਸ਼ਾਲਾ — ਹਿਮਾਚਲ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਨੇ ਬੇਗੁਨਾਹ ਲੋਕਾਂ ਦੀ ਹੱਤਿਆ ਰੋਕਣ ਲਈ ਪੰਜਾਬ ਵਿਚ ਫੌਜ ਤਾਇਨਾਤ ਕਰਨ ਦੀ ਮੰਗ ਦੁਹਰਾਈ ਹੈ। ਰਾਜ ਦੀ ਕਾਰਜਕਾਰਣੀ ਕਮੇਟੀ ਦੀ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਵਿਚ ਆਖਿਆ ਗਿਆ ਹੈ ਕਿ ਜੇ ਰਾਜ ਦੀ ਸਥਿਤੀ ਨਾਲ ਤਕੜੇ ਹੱਥੀਂ ਨਾ ਨਿਪਟਿਆ ਗਿਆ ਤਾਂ ਇਸ ਨਾਲ ਦੇਸ਼ ਦੀ ਅਖੰਡਤਾ ਨੂੰ ਖਤਰਾ ਪੈਦਾ ਹੋ ਸਕਦਾ ਹੈ। ਕਾਰਜਕਾਰਨੀ ਨੇ ਰਾਜ ਨਾਲ ਸਬੰਧਤ ਮਸਲਿਆਂ ਬਾਰੇ ਵੀ ਮਤੇ ਪਾਸ ਕੀਤੇ ।

ਹਿਮਾਚਲ ਦੀ ਭਾਜਪਾ ਇਕਾਈ ਦੇ ਪ੍ਰਧਾਨ ਸ਼ਾਂਤਾ ਕੁਮਾਰ ਨੇ ਚਿਤਾਵਨੀ ਦਿਤੀ ਹੈ ਕਿ ਜੇ ਪੰਜਾਬ ਵਿਚ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਨੂੰ ਕੁਚਲਿਆ ਨਾ ਗਿਆ ਤਾਂ ਦੇਸ਼ ਟੁਕੜੇ ਟੁਕੜੇ ਹੋ ਜਾਵੇਗਾ। ਇਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮਾੜੀ ਗੱਲ ਹੈ ਕਿ ਰੋਜ਼ ਕਤਲਾਂ ਦੇ ਹੁੰਦਿਆਂ ਪ੍ਰਧਾਨ ਮੰਤਰੀ ਤੇ ਮੁਖ ਮੰਤਰੀ ਰਾਜ ਵਿਚ ਫੌਜ ਨਾ ਸੱਦਣ ਲਈ ਬਜ਼ਿਦ ਹਨ ।

ਜੋਧਪੁਰ — ਭਾਰਤੀ ਜਨਤਾ ਪਾਰਟੀ ਦੇ ਆਗੂ ਅਟੱਲ ਬਿਹਾਰੀ ਵਾਜਪਾਈ ਨੇ ਕਿਹਾ ਹੈ ਕਿ ਪੰਜਾਬ ਵਿਚ ਘੱਟ ਗਿਣਤੀਆਂ ਨੂੰ ਹਥਿਆਰਬੰਦ ਕੀਤਾ ਜਾਵੇ ਤਾਂ ਕਿ ਉਹ ਅਤਿਵਾਦੀਆਂ ਦੀ ਧਮਕੀ ਦਾ ਸਾਹਮਣਾ ਕਰ ਸਕਣ ।

ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ :
581-4473
(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)

ASSURING BRIGHT FINANCIAL FUTURES
NORTH AMERICAN LIFE
NORTH AMERICAN LIFE ASSURANCE COMPANY
- Life Insurance
- Mortgage Insurance
- Children's educational Plans
- R R S P


Darshan Gill, M.A.
representative
320, 815 West Hastings St.
Vancouver, B.C. V6C 2W1
Bus. 685-9335

Thinking of Buying or Selling
Residential, Commercial, New Houses, Lots, Building Contracts
Specializing :
Resale New Housing Lot Sales and Farms
Don't delay call now :
Hardeep S. Bhangav
Medellion Club Award Winner
ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਾਵ ਨੂੰ ਫੋਨ ਕਰੋ
Ph. Off: 594-4141
Pager 438-2333 #1596


ਹਰਦੀਪ ਸਿੰਘ ਭੰਗਾਵ

BENCH MARK REALTY CORPORATION
Bench Mark Realty Corp.
7218 King George Hwy. Surrey, B.C. V3W 5A5

BHANDAL DRYWALL LTD.
3397 Kingsway, Vancouver, B.C.
Ph. 430-5011
Vice President
Karnail S. Bhandal


President
Jarnail S. Bhandal M.A.

# ਬਲਵੀਰ ਸਿੰਘ ਦੀ ਮੌਤ ਲਈ ਸ਼ੋਕ-ਸਭਾ

ਹੈਮਿਲਟਨ — ਤੇਜਿੰਦਰ ਸਿੰਘ ਕਲੋਅ ਜੋ ਭਾਰਤ ਦੀ ਪਾਰਲੀਮੈਂਟ ਨੂੰ ਉਡਾਉਣ ਅਤੇ ਹੋਰ ਦੋਸ਼ਾਂ ਅਧੀਨ ਇਥੇ ਕੈਨੇਡਾ ਦੀ ਪੁਲਸ ਵਲੋਂ ਤਲਵਿੰਦਰ ਸਿੰਘ ਬੱਬਰ ਆਦਿ ਨਾਲ ਫੜਿਆ ਹੋਇਆ ਹੈ। ਉਸਦੇ ਭਰਾ ਬਲਵੀਰ ਸਿੰਘ ਨੂੰ ਪੰਜਾਬ ਵਿਚ ਕਥਿਤ ਮੁਕਾਬਲੇ ਵਿਚ ਮਾਰ ਦਿਤਾ ਗਿਆ ਹੈ। ਇਥੇ ਉਸਦੀ ਮੌਤ ਉਤੇ ਸ਼ੋਕ-ਸਭਾ ਕੀਤੀ ਗਈ ਅਤੇ ਐਤਵਾਰ ਨੂੰ ਸੋਗ ਮਨਾਇਆ ਗਿਆ।

ਤਲਵਿੰਦਰ ਸਿੰਘ ਬੱਬਰ ਅਤੇ ਛੇ ਹੋਰ ਵਿਅਕਤੀਆਂ ਉਤੇ ਜੋ ਭਾਰਤ ਦੀ ਪਾਰਲੀਮੈਂਟ ਉਡਾਉਣ ਆਦਿ ਦਾ ਦੋਸ਼ ਲੱਗਿਆ ਹੈ ਉਨ੍ਹਾਂ ਦੇ ਸਬੰਧ ਭਾਰਤ ਵਿਚ ਕੁਝ ਵਿਅਕਤੀਆਂ ਨਾਲ ਸਨ ਜਿਨ੍ਹਾਂ ਵਿਚ ਬਲਬੀਰ ਸਿੰਘ ਵੀ ਸ਼ਾਮਲ ਦੱਸਿਆ ਜਾਂਦਾ ਸੀ।

# ਬਾਬਾ ਆਮਟੇ ਵਲੋਂ ਸ਼ਾਂਤੀ ਮਿਸ਼ਨ ਸ਼ੁਰੂ

ਅੰਮ੍ਰਿਤਸਰ — ਉਘੇ ਸਮਾਜ ਸੇਵਕ ਬਾਬਾ ਆਮਟੇ ਨੇ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਪਿਛੋਂ ਪੰਜਾਬ ਵਿਚ ਆਪਣਾ ਸ਼ਾਂਤੀ ਮਿਸ਼ਨ ਸ਼ੁਰੂ ਕੀਤਾ। ਜਲੰਧਰ ਤੋਂ ਇਥੇ ਪੁੱਜਣ ਪਿਛੋਂ ਬਾਬਾ ਦਰਬਾਰ ਸਾਹਿਬ ਗਏ। ਉਨ੍ਹਾਂ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਕੁਝ ਅਖੌਤੀ ਦਹਿਸ਼ਤਪਸੰਦਾਂ ਨੂੰ ਮਿਲਣ ਦੀ ਇੱਛਾ ਵੀ ਪ੍ਰਗਟਾਈ, ਪਰ ਕੋਈ ਵੀ "ਦਹਿਸ਼ਤਪਸੰਦ" ਕੰਪਲੈਕਸ ਵਿਚ ਮੌਜੂਦ ਨਹੀਂ ਸੀ। ਉਂਜ ਉਹ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ (ਮਨਜੀਤ ਸਿੰਘ ਗਰੁੱਪ) ਦੇ ਕੁਝ ਕਾਰਕੁਨਾਂ ਨੂੰ ਮਿਲੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਆਮਟੇ ਨੇ ਕਿਹਾ ਕਿ ਉਹ ਪੇਂਡੂ ਇਲਾਕਿਆਂ ਖਾਸ ਕਰ ਕੇ ਤਰਨਤਾਰਨ ਸਬ ਡਿਵੀਜ਼ਨ ਦੇ ਪਿੰਡਾਂ ਵਿਚ ਜਾਣਗੇ ਅਤੇ ਹਿੰਦੂ-ਸਿਖ ਏਕਤਾ ਦਾ ਪ੍ਰਚਾਰ ਕਰਨ ਦੇ ਨਾਲ ਨਾਲ ਲੋਕਾਂ ਨੇ ਆਪਣੇ ਦਿਲਾਂ ਵਿਚੋਂ ਡਰ, ਨਫਰਤ ਤੇ ਪੱਖਪਾਤ ਦੀਆਂ ਭਾਵਨਾਵਾਂ ਕੱਢਣ ਲਈ ਪ੍ਰੇਰਨਗੇ।

ਬਾਬਾ ਨੇ ਦੱਸਿਆ ਕਿ ਜੇਕਰ ਲੋੜ ਪਈ ਤਾਂ ਉਹ ਆਪਣਾ ਮਿਸ਼ਨ ਪੂਰਾ ਕਰਨ ਲਈ ਲੰਬੇ ਸਮੇਂ ਤਕ ਪੰਜਾਬ ਵਿਚ ਠਹਿਰਨਗੇ। ਉਹ ਅਖੌਤੀ ਦਹਿਸ਼ਤਪਸੰਦਾਂ ਨੂੰ ਮਿਲਕੇ ਕੌਮੀ ਮੁਖ ਧਾਰਾ ਵਿਚ ਪਰਤਣ ਅਤੇ ਆਮ ਨਾਗਰਿਕਾਂ ਵਾਲਾ ਜੀਵਨ ਬਤੀਤ ਕਰਨ ਲਈ ਪ੍ਰੇਰਨਗੇ। ਉਨ੍ਹਾਂ ਸੰਕੇਤ ਦਿਤਾ ਕਿ ਉਹ ਆਪਣਾ ਪੂਰਨ ਜੀਵਨ ਵਰਤਮਾਨ ਮਿਸ਼ਨ ਨੂੰ ਸਮਰਪਿਤ ਕਰਨ ਤੋਂ ਝਿਜਕਣਗੇ ਨਹੀਂ। ਬਾਬਾ ਨੇ ਜ਼ਿਲਾ ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕੀਤੇ ਜਾਣ ਦੀ ਪੇਸ਼ਕਸ਼ ਠੁਕਰਾ ਦਿਤੀ ਅਤੇ ਕਿਹਾ ਕਿ ਉਹ ਆਮ ਲੋਕਾਂ ਨਾਲ ਘੁਲਣਾ-ਮਿਲਣਾ ਚਾਹੁਣਗੇ। ਬਾਬਾ ਦੇ ਨਾਲ ਉਨ੍ਹਾਂ ਦੇ ਇਕ ਦਰਜਨ ਪੈਰੋਕਾਰ ਵੀ ਸ਼ਾਂਤੀ ਮਿਸ਼ਨ 'ਤੇ ਪੰਜਾਬ ਆਏ ਹਨ।

# ਟੌਹੜਾ, ਸੁਖਜਿੰਦਰ ਸਿੰਘ ਵਲੋਂ ਅੰਮ੍ਰਿਤਸਰ ਜ਼ਿਲੇ ਦਾ ਦੌਰਾ

ਅੰਮ੍ਰਿਤਸਰ — ਸ਼ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ, ਸ਼ਰੋਮਣੀ ਗੁ: ਪ੍ਰਂ: ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਅਤੇ ਇਕ ਹੋਰ ਸੀਨੀਅਰ ਅਕਾਲੀ ਆਗੂ ਸ: ਸੁਖਜਿੰਦਰ ਸਿੰਘ ਨੇ ਅੰਮ੍ਰਿਤਸਰ ਜ਼ਿਲੇ ਦੇ ਕੁਝ ਪਿੰਡਾਂ ਦਾ ਦੌਰਾ ਕੀਤਾ ਅਤੇ ਪਿਛਲੇ ਦਿਨਾਂ 'ਚ ਸੁਰੱਖਿਆ ਦਲਾਂ ਵਲੋਂ ਸਿੱਖ ਨੌਜਵਾਨਾਂ ਉਪਰ ਕੀਤੀਆਂ ਗਈਆਂ ਵਧੀਕੀਆਂ ਬਾਰੇ ਪੁੱਛ ਪੜਤਾਲ ਕੀਤੀ। ਇਹ ਅਕਾਲੀ ਆਗੂ ਸ੍ਰੀ ਹਰਿਮੰਦਰ ਸਾਹਿਬ ਅੰਦਰ ਮੱਥਾ ਟੇਕਣ ਤੋਂ ਬਾਅਦ ਪਹਿਲਾਂ ਦੰਗਾਂ ਪੀੜਤ ਸਿੱਖ ਪਰਿਵਾਰਾਂ ਦੇ ਸੰਗਠਨ ਦੇ ਪ੍ਰਧਾਨ ਹਰਮਿੰਦਰ ਸਿੰਘ ਸ਼ੰਮੀ ਦੇ ਘਰ ਗਏ। ਹਰਮਿੰਦਰ ਸਿੰਘ ਦੀ 22 ਜੂਨ ਦੇ ਦਿਨ ਕਥਿਤ ਤੌਰ 'ਤੇ ਸੁਰੱਖਿਆ ਦਲਾਂ ਦੀ ਗੋਲੀ ਨਾਲ ਉਸ ਸਮੇਂ ਮੌਤ ਹੋ ਗਈ ਸੀ ਜਦੋਂ ਉਹ ਸ਼ਹਿਰ ਅੰਦਰ ਆਪਣੇ ਮੋਪਡ ਉਪਰ ਕਿਧਰੇ ਕਿਸੇ ਕੰਮ ਲਈ ਜਾ ਰਹੇ ਸਨ।

ਅਕਾਲੀ ਦਲ (ਬਾਦਲ) ਨੇ ਅਨੰਦਪੁਰ ਸਾਹਿਬ ਵਿਖੇ ਆਪਣੇ ਸੰਮੇਲਨ ਦੌਰਾਨ ਪੰਜਾਬ ਅੰਦਰ ਸੁਰੱਖਿਆ ਦਲਾਂ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਵਿਰੁੱਧ ਲੋਕ ਰਾਏ ਲਾਮਬੰਦ ਕਰਨ ਦੇ ਕੰਮ ਨੂੰ ਵਿਸ਼ੇਸ਼ ਤੌਰ 'ਤੇ ਪਹਿਲ ਦੇਣ ਦਾ ਫੈਸਲਾ ਕੀਤਾ ਸੀ ਤਾਂ ਕਿ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਖਾੜਕੂ ਸਿੱਖ ਨੌਜਵਾਨਾਂ ਨੂੰ ਮਾਰ ਮੁਕਾਉਣ ਦੀ ਸਾਜ਼ਿਸ਼ ਨੂੰ ਬੇਨਕਾਬ ਕੀਤਾ ਜਾ ਸਕੇ। ਬਾਅਦ ਵਿਚ ਅਕਾਲੀ ਆਗੂ ਭਾਈ ਹਰਭਜਨ ਸਿੰਘ ਰਾਗੀ ਦੇ ਅੰਤਿਮ ਭੋਗ ਦੀ ਅਰਦਾਸ ਵਿਚ ਹਿਸਾ ਲੈਣ ਲਈ ਸਿਰਹਾਲੀ ਏਰੀਏ ਦੇ ਪਿੰਡ ਜੌੜੇ ਵੀ ਗਏ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਨ੍ਹਾਂ ਅਕਾਲੀ ਨੇਤਾਵਾਂ ਨੇ ਦੱਸਿਆ ਕਿ ਆਪਣੇ ਇਸ 'ਮਿਸ਼ਨ' 'ਤੇ ਗੁਰਦਾਸਪੁਰ ਜ਼ਿਲੇ ਦੇ ਦਿਹਾਤੀ ਇਲਾਕਿਆਂ ਦੇ ਦੌਰੇ 'ਤੇ ਰਵਾਨਾ ਹੋਣ ਤੋਂ ਪਹਿਲਾਂ ਉਹ ਸੁਰੱਖਿਆ ਦਲਾਂ ਦੇ ਤਸ਼ੱਦਦ' ਦੀ ਮਾਰ ਹੇਠਾਂ ਆਏ ਤਰਨਤਾਰਨ ਏਰੀਏ ਦੇ ਕੁਝ ਪਿੰਡਾਂ ਦਾ ਦੌਰਾ ਵੀ ਕਰਨਗੇ।

ਇਸੇ ਦੌਰਾਨ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਰਾਜਿੰਦਰ ਕੌਰ ਨੇ ਪੰਥ ਦੀ ਤਾਜਾ ਸਥਿਤੀ 'ਤੇ ਗੌਰ ਕਰਨ ਲਈ ਦਲ ਦੀਆਂ ਜ਼ਿਲਾ ਇਕਾਈਆਂ ਦੇ ਮੁਖੀਆਂ ਦੀ 9 ਜੁਲਾਈ ਨੂੰ ਹੰਗਾਮੀ ਮੀਟਿੰਗ ਬੁਲਾਈ। ਪ੍ਰੈਸ ਸੂਚਨਾ ਅਨੁਸਾਰ ਇਸ ਮੀਟਿੰਗ ਦੌਰਾਨ ਪੁਲੀਸ ਤੇ ਸੀ. ਆਰ. ਪੀ. ਵਲੋਂ 'ਮਨਘੜਤ ਮੁਕਾਬਲਿਆਂ' ਰਾਹੀਂ ਸਿੱਖ ਨੌਜਵਾਨਾਂ ਦੀਆਂ ਹਤਿਆਵਾਂ ਅਤੇ ਹਿੰਦੂ ਸ਼ਿਵ ਸੈਨਾ ਦੀ 'ਹੁਲੜਬਾਜ਼ੀ' ਦੇ ਮਸਲਿਆਂ 'ਤੇ ਵੀ ਸੋਚ ਵਿਚਾਰ ਕੀਤੀ। ਬਿਆਨ ਵਿਚ ਦੋਸ਼ ਲਗਾਇਆ ਗਿਆ ਕਿ ਪਿਛਲੇ ਦਿਨੀਂ ਵੱਖ ਵੱਖ ਥਾਵਾਂ 'ਤੇ ਗੜਬੜ ਦੀਆਂ ਘਟਨਾਵਾਂ ਦੌਰਾਨ ਚਾਰ ਸਿੱਖ ਨੌਜਵਾਨਾਂ ਦੀ ਸ਼ਿਵ ਸੈਨਾ ਦੇ ਵਾਲੰਟੀਅਰਾਂ ਹਥੋਂ ਛੁਰੇਬਾਜ਼ੀ ਕਾਰਨ ਮੌਤ ਹੋਈ।

## ਗਜ਼ਲ

ਅਮਾਨਤ ਬਜ਼ੁਰਗਾਂ ਦੀ ਵਿਰਸੈ ਮਿਰਾ
ਮੈਂ ਇਹ ਵਿਰਸਾ ਹੱਥੋਂ ਗੁਆਵਾਂ ਕਿਵੇਂ

ਮਿਰਾ ਇਸ਼ਕ ਮੈਨੂੰ ਹੈ ਦਿੰਦਾ ਆਵਾਜ਼
ਮੈਂ ਕੰਨਾਂ 'ਚ ਹੁਣ ਉਂਗਲਾਂ ਪਾਵਾਂ ਕਿਵੇਂ

ਮਿਰੇ ਵਿਚ ਜੇ ਇਨਸਾਨੀਅਤ ਹੀ ਨਹੀਂ
ਮੈਂ ਇਨਸਾਨ ਖ਼ੁਦ ਨੂੰ ਕਹਾਵਾਂ ਕਿਵੇਂ

ਖ਼ੁਦਾ ਵੰਦਾ! ਹੈ ਰੌਸ਼ਨੀ ਮੇਰਾ ਇਸ਼ਕ
ਮੈਂ ਇਹ ਜਗਦਾ ਦੀਪਕ ਬੁਝਾਵਾਂ ਕਿਵੇਂ?

ਦੀਪਕ ਜੈਤੋਈ


A-1 Woodwork Ltd.

- Kitchen Cabinets
- Counter Tops
- Store Counters
- Home Remodling



ਕਿਚਨ ਕੈਬਨਿਟ — ਕਾਊਂਟਰ — ਸਟੋਰ ਕਾਊਂਟਰਜ਼ — ਘਰ ਦੀ ਮੁਰੰਮਤ

Rajpal S. Mattu
12960-62nd Ave., Surrey, B.C.
Ph. 590-4851 Res. 596-7502



ROKKO SAREES & FABRICS
6201 Fraser Street
VANCOUVER
Tel: 327-3033

ਰੋਕੋ ਸਾੜ੍ਹੀਜ਼ ਹ.ਫਤੇ ਦੇ ਸੱਤੇ ਦਿਨ
ਖੁਲ੍ਹਾ ਰਹਿੰਦਾ ਹੈ


ROKKO SAREI

ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਬਾਬੂ ਜਗਜੀਵਨ ਰਾਮ ਦਾ ਸਸਕਾਰ

ਚੰਦਵਾ(ਬਿਹਾਰ)— ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਦਾ ਇਥੇ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਮ ਸਸਕਾਰ ਕਰ ਦਿੱਤਾ ਗਿਆ। ਸ੍ਰੀ ਰਾਮ ਦੀ ਚਿਤਾ ਨੂੰ ਅੱਗ ਦਿਖਾਉਣ ਦੀ ਰਸਮ ਉਨ੍ਹਾਂ ਦੇ ਦੋਹਤੇ ਅੰਸ਼ੂ ਕੁਮਾਰ ਨੇ ਪੂਰੀ ਕੀਤੀ ਜੋ ਕਿ ਸ੍ਰੀਮਤੀ ਮੀਰਾ ਕੁਮਾਰੀ ਐਮ. ਪੀ. ਦਾ ਬੇਟਾ ਹੈ। ਸਸਕਾਰ ਦੀ ਰਸਮ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ, ਬਿਹਾਰ ਦੇ ਰਾਜਪਾਲ ਪੀ. ਵੈਂਕਟਸੁਬਈਆ, ਮੁੱਖ ਮੰਤਰੀ ਬਿੰਦੇਸ਼ਵਰੀ ਦੂਬੇ, ਜਨਤਾ ਪਾਰਟੀ ਪ੍ਰਧਾਨ ਚੰਦਰ ਸ਼ੇਖਰ ਤੇ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ।

ਇਸ ਤੋਂ ਪਹਿਲਾਂ ਸ੍ਰੀ ਜਗਜੀਵਨ ਰਾਮ ਦੀ ਦੇਹ ਨੂੰ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਦਿੱਲੀ ਤੋਂ ਪਟਨਾ ਲਿਆਂਦਾ ਗਿਆ ਅਤੇ ਆਮ ਲੋਕਾਂ ਦੇ ਦਰਸ਼ਨਾਂ ਲਈ ਬਿਹਾਰ ਪ੍ਰਦੇਸ਼ ਕਾਂਗਰਸ(ਆਈ) ਦੇ ਦਫਤਰ ਸਦਾਕਤ ਭਵਨ ਵਿਚ ਰੱਖਿਆ ਗਿਆ। ਸਦਾਕਤ ਭਵਨ ਵਿਚ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਦੇ ਅੰਤਮ ਦਰਸ਼ਨ ਕੀਤੇ। ਪਟਨਾ ਹਵਾਈ ਅੱਡੇ 'ਤੇ ਸ੍ਰੀ ਰਾਮ ਦੀ ਦੇਹ ਨੂੰ ਮੋਢਾ ਦੇਣ ਵਾਲਿਆਂ ਵਿਚ ਮੁਖ ਮੰਤਰੀ ਬਿੰਦੇਸ਼ਵਰੀ ਦੂਬੇ, ਬਿਹਾਰ ਵਿਧਾਨ ਸਭਾ ਦੇ ਸਪੀਕਰ ਸ਼ਿਵ ਚੰਦਰ ਝਾਅ, ਬਿਹਾਰ ਵਿਧਾਨ ਪ੍ਰੀਸ਼ਦ ਦੇ ਚੇਅਰਮੈਨ ਪ੍ਰੋ: ਅਰੁਨ ਕੁਮਾਰ ਤੇ ਕਈ ਹੋਰ ਸਿਆਸੀ, ਸਮਾਜਿਕ ਤੇ ਧਾਰਮਿਕ ਆਗੂ ਸ਼ਾਮਲ ਹੋਏ। ਦੁਪਹਿਰ ਵੇਲੇ ਵਿਸ਼ੇਸ਼ ਰੇਲ ਗੱਡੀ ਰਾਹੀਂ ਬਾਬੂ ਜੀ ਦੀ ਦੇਹ ਨੂੰ ਪਟਨਾ ਤੋਂ ਆਰਾ ਲਿਜਾਇਆ ਗਿਆ ਜਿਥੋਂ ਇਕ ਫੌਜੀ ਜੀਪ ਰਾਹੀਂ ਇਸ ਨੂੰ ਉਨ੍ਹਾਂ ਦੇ ਜੱਦੀ ਪਿੰਡ ਚੰਦਵਾ ਲਿਆਂਦਾ ਗਿਆ। ਇਸੇ ਦੌਰਾਨ ਬਾਬੂ ਜਗਜੀਵਨ ਰਾਮ ਨੂੰ ਦੇਸ਼ ਵਿਦੇਸ਼ ਵਿਚ ਸ਼ਰਧਾਂਜਲੀਆਂ ਭੇਟ ਕੀਤੇ ਜਾਣਾ ਜਾਰੀ ਹੈ। ਬਾਬੂ ਜੀ ਨੂੰ ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ ਵਿਚ ਪੱਟੀਦਰਜ ਜਾਤਾਂ ਤੇ ਕਬੀਲਿਆਂ ਲਈ ਕੇਂਦਰੀ ਕਮਿਸ਼ਨਰ ਡਾ: ਸ਼ੰਕਰ ਦਿਆਲ ਸ਼ਰਮਾ, ਆਲ ਇੰਡੀਆ ਫਰੀਡਮ ਫਾਈਟਰਜ਼ ਆਰਗੇਨਾਈਜ਼ੇਸ਼ਨ, ਕੇਂਦਰੀ ਰੇਲ ਰਾਜ ਮੰਤਰੀ ਮਾਦਵ ਰਾਓ ਸਿੰਧੀਆ, ਰਾਸ਼ਟਰੀ ਸੋਇਮ ਸੇਵਕ ਸੰਘ ਦੇ ਜਨਰਲ ਸਕੱਤਰ ਪ੍ਰੋ: ਰਾਜੇਂਦਰ ਸਿੰਘ, ਇੰਡੀਅਨ ਯੂਨੀਅਨ ਮੁਸਲਿਮ ਲੀਗ ਦੇ ਜਨਰਲ ਸਕੱਤਰ ਜੀ. ਐਮ. ਬਨਤਵਾਲਾ, ਲੋਕ ਦਲ ਦੇ ਕਾਰਜਕਾਰੀ ਪ੍ਰਧਾਨ ਹੇਮਵਤੀ ਨੰਦਨ ਬਹੁਗੁਣਾ, ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਡਾ: ਫਾਰਕੂ ਅਬਦੁੱਲਾ, ਜਨਵਾਦੀ ਪਾਰਟੀ ਦੇ ਪ੍ਰਧਾਨ ਚੰਦਰਜੀਤ ਯਾਦਵ, ਹਰਿਆਣਾ ਪ੍ਰਦੇਸ਼ ਕਾਂਗਰਸ ਪ੍ਰਧਾਨ ਸ: ਹਰਪਾਲ ਸਿੰਘ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਬ੍ਰਿਜ ਭੂਸ਼ਨ ਮਹਿਰਾ ਸ਼ਾਮਲ ਸਨ।

ਬਾਬੂ ਜਗਜੀਵਨ ਰਾਮ ਦੀ ਦੇਹ ਨੂੰ ਹਵਾਈ ਜਹਾਜ਼ ਰਾਹੀਂ ਪਟਨਾ ਲਿਜਾਣ ਦੇ ਸਬੰਧ ਵਿਚ ਇਥੇ ਤਿਆਰੀਆਂ ਚਲ ਰਹੀਆਂ ਸਨ ਤਦ ਕਾਂਗਰਸ (ਜੇ) ਨਾਲ ਸਬੰਧਤ ਵਰਕਰਾਂ ਅਤੇ ਬਾਬੂ ਜੀ ਦੇ ਸਮਰਥਕਾਂ ਨੇ ਬਾਬੂ ਜੀ ਦੇ ਨਿਵਾਸ-ਅਸਥਾਨ ਅੰਦਰ ਸਰਕਾਰ ਵਿਰੋਧੀ ਨਾਅਰੇਬਾਜ਼ੀ ਕੀਤੀ। ਨਾਅਰੇਬਾਜ਼ੀ ਕਰਨ ਵਾਲਿਆਂ ਵਿਚ ਸ੍ਰੀ ਜਗਜੀਵਨ ਰਾਮ ਦੀ ਪੋਤੀ ਕੁਮਾਰੀ ਮਾਧਵੀ ਕੀਰਤੀ ਸ਼ਾਮਲ ਸੀ। ਮੁਜ਼ਾਹਰਾਕਾਰੀਆਂ ਦੀ ਮੰਗ ਸੀ ਕਿ ਬਾਬੂ ਜੀ ਦੀਆਂ ਅੰਤਮ ਰਸਮਾਂ ਰਾਜਧਾਨੀ ਵਿਚ ਹੀ ਕੀਤੀਆਂ ਜਾਣ। ਪੁਲਸ ਨੇ 60 ਵਿਅਕਤੀਆਂ ਨੂੰ ਨਾਅਰੇਬਾਜ਼ੀ ਦੇ ਸਬੰਧ ਵਿਚ ਗ੍ਰਿਫਤਾਰ ਕਰ ਲਿਆ।

ਮਿਰਾ ਫ਼ਰਜ਼ ਹੈ ਰਾਖੀ ਮਜ਼ਲੂਮ ਦੀ
ਮੈਂ ਮਜ਼ਲੂਮਾਂ ਨੂੰ ਪਰ ਬਚਾਵਾਂ ਕਿਵੇਂ ?

# ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਅਤਿਵਾਦੀਆਂ ਦੇ ਸਿਰ ਤੇ ਵਿਦੇਸ਼ੀ ਹੱਥ — ਇੰ: ਕ: ਟਾ:

— ਤੇ ਤੁਹਾਡੇ ਸਿਰ ਤੇ ਟੁੰਡ ਦਾ ਪ੍ਰਛਾਵਾਂ ?

- ਅਖਬਾਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਤੁਅੱਸਬ ਤੋਂ ਕੰਮ ਲੈਣ — —ਇੰ: ਕ: ਟਾ:—

— ਏਸ ਅਪੀਲ ਉਤੇ ਤੁਸੀਂ ਤਾਂ ਪੂਰੇ ਦਹਾਕੇ ਤੋਂ ਫੁੱਲ ਚੜ੍ਹਾ ਰਹੇ ਹੋ !

- ਇਕ ਸਰੀਰ ਦੇ ਦੋ ਸਿਰ ਨਹੀਂ ਹੋ ਸਕਦੇ .....

— ਰਾਵਣ ਦੇ ਬਥੇਰੇ ਸਿਰ ਸਨ ਪਿਆਰਿਓ ! ਪਰ ਕਈਆਂ ਦਾ ਸਿਰ ਦਿਸਦਾ ਹੀ ਹੈ — ਅਸਲ ਵਿਚ ਹੁੰਦਾ ਨਹੀਂ !

- 92 ਪੰਜਾਬੀ ਬਹਾਵਲਪੁਰ ਜੇਲ੍ਹ ਵਿਚ

— ਜੇਲ੍ਹ ਵਿਚ ਟਰੇਨਿੰਗ ਦਾ ਵੀ ਪ੍ਰਬੰਧ ਹੈ !

- ਖਾਲਿਸਤਾਨ ਇਕ ਅਸਲੀਅਤ — ਇੰ: ਕ: ਟਾ:

— ਫੇਰ ਸੁਪਨਾ ਕੀ ਹੈ ?

- ਸਿੱਖ ਸੰਘਰਸ਼ ਦੀ ਲਹਿਰ ਜਾਲ ਕੇ ਰੱਖ ਦਿੱਤੀ .... ਇੰ: ਕ: ਟਾ:

— ਫੇਰ 'ਅਸਲੀਅਤ' ਦਾ ਕੀ ਬਣਿਆ ?

- ਇਕੱਠ ਸਾਧ ਦੀ ਭੂਰੀ ਤੇ ਹੀ ਜਾਪਦਾ ਹੈ

— ਤੁਹਾਡੇ ਭੂਰੇ ਦਾ ਹੁਣ ਕੀ ਬਣੇਗਾ ?

- ਅਖਬਾਰ ਕੋਈ ਭੰਡਾਂ ਦਾ ਤਮਾਸ਼ਾ ਨਹੀਂ .... ਇਕ ਨੋਟ

— ਪਰ ਹੁਣ ਤਾਂ ਇਹ ਭੰਡਾਂ ਦਾ ਤਮਾਸ਼ਾ ਹੀ ਬਣਿਆ ਹੋਇਆ ਹੈ। ਸੁਣਿਆ ਹੈ ਕੁਝ 'ਮਰਾਸੀ' ਵੀ ਜਲਦੀ ਹੀ ਸ਼ਾਮਲ ਹੋ ਰਹੇ ਹਨ।

- ਸ਼ਾਮੇ ਪੰਜਾਬ ......

— ਸ਼ਾਮੇ — ਖਾਲਿਸਤਾਨ ਕਿਉਂ ਨਹੀਂ ?

- ਲਾਲਡੇਂਗਾ ਤੇ ਰਾਜੀਵ ਵਿਚਕਾਰ ਸਮਝੌਤਾ .......

— ਇਹ ਵੀ ਥੋਥਾ ਮਜ਼ਾਕ ਹੀ ਬਣੇਗਾ?

- ਦਮਦਮੀ ਟਕਸਾਲ ਤੇ ਸੰਯੁਕਤ ਦਲ ਦਾ ਸਮਝੌਤਾ ਹੋ ਗਿਆ ......

— ਤੇ ਫੇਰ ਤੁਹਾਡਾ ਦੁਫਾੜ ਕਿਉਂ ਪੈ ਗਿਆ ?

- ਸਿੱਖ ਨੌਜਵਾਨਾਂ ਨੇ ਹੜ੍ਹ ਵਿਚ ਘਿਰੇ ਅੱਠ ਹਿੰਦੂ ਬਚਾਏ .... ਸੰਘਰਸ਼

— ਫਿਰ ਇਹ 'ਸੰਘਰਸ਼' ਕਿਉਂ ਚਲਦਾ ਰੱਖੀ ਜਾ ਰਹੇ ਹੋ ?

- ਦਹਿਸ਼ਤਪਸੰਦ ਤੇ ਆਈਸ ਕਰੀਮ — ਸੰਘਰਸ਼

— ਤੁਹਾਡੇ ਵਾਂਗ 'ਮੌਸਮ' ਅਨੁਸਾਰ ਹੀ ਚਲਦੇ ਹਨ !

- ਪੰਜਾਬ ਵਿਚਲੇ ਅਤਿਵਾਦੀਆਂ ਨੂੰ ਕੈਨੇਡਾ ਤੋਂ ਮਾਲੀ ਮੱਦਦ — ਸੰਘਰਸ਼

— 'ਸੰਘਰਸ਼' ਤਾਂ ਹੀ ਜਾਰੀ ਰਹਿ ਸਕਣ ਦੀ ਸੰਭਾਵਨਾ ਹੋ ਸਕਦੀ ਹੈ !



ਬਾਬੂ ਜਗਜੀਵਨ ਰਾਮ ਦੀ ਅੰਤਮ ਯਾਤਰਾ ਸੋਮਵਾਰ ਨੂੰ ਉਨ੍ਹਾਂ ਦੇ ਨਵੀਂ ਦਿੱਲੀ ਵਿਚਲੇ ਨਿਵਾਸ ਤੋਂ ਸ਼ੁਰੂ ਹੁੰਦੀ ਹੋਈ। ਉਨ੍ਹਾਂ ਦਾ ਸਸਕਾਰ ਸ਼ਾਮ ਵੇਲੇ ਉਨ੍ਹਾਂ ਦੇ ਜੱਦੀ ਪਿੰਡ ਚੰਦਵਾ (ਬਿਹਾਰ) ਵਿਚ ਕੀਤਾ ਗਿਆ।

MALKIT PARMAR
ROYAL LePAGE REAL ESTATE SERVICES
ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।
ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :
Bus: (604) 590-1321 Res: 589-2650
8699 - 120th St., North Delta, B.C.



MINT AUTO BODY LTD.
5590 Lane Street, Burnaby, B.C. V5H 2H5
■ Complete Professional Auto Body Repairs and Refinishing on all makes and models
■ I.C.B.C. claims handled promptly
■ Complete framework ■ UNI - BODY repairs
■ All work conditionally guaranteed
■ Free estimates ■ Courtesy cars
For further information call:
Phone: 433-1207 Bhupinder(Bob) Sihota
ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



# ਜਿੰਦਾ ਦਾ ਸਾਥੀ ਸੰਧੂ ਗ੍ਰਿਫਤਾਰ ; ਪਾਕਿ ਸਮਗਲਰ ਵੀ ਕਾਬੂ

ਨਵੀਂ ਦਿੱਲੀ — ਦਿੱਲੀ ਖੁਫੀਆ ਵਿਭਾਗ ਨੁ ਸੁਰਜੀਤ ਸਿੰਘ ਸੰਧੂ ਨਾਮੀ ਇਕ ਦਹਿਸ਼ਤਪਸੰਦ ਅਤੇ ਬਸ਼ੀਰ ਅਹਿਮਦ ਪਾਕਿਸਤਾਨੀ ਸਮਗਲਰ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਇਨ੍ਹਾਂ ਨੂੰ ਦੱਖਣੀ ਦਿੱਲੀ ਵਿਚ ਸ਼ਿਵ ਨਗਰ ਵਿਚੋਂ ਫੜਿਆ ਗਿਆ। ਦਿੱਲੀ ਪੁਲੀਸ ਦੇ ਡਿਪਟੀ ਕਮਿਸ਼ਨਰ ਸ੍ਰੀ ਅਮੋਦ ਕਾਂਤ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਨ੍ਹਾਂ ਨੇ ਦਿੱਲੀ ਵਿਚ ਉਚ ਹਸਤੀਆਂ ਅਤੇ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਯੋਜਨਾ ਬਣਾਈ ਸੀ।

ਉਨ੍ਹਾਂ ਦੱਸਿਆ ਕਿ ਸੁਰਜੀਤ ਸਿੰਘ ਜੋ ਕਿ ਐਮ. ਏ. ਪਾਸ ਹੈ, ਪਹਿਲਾਂ ਸਰਗਰਮ ਕਾਂਗਰਸੀ ਵਰਕਰ ਹੁੰਦਾ ਸੀ ਪਰ ਫਿਰ ਦਹਿਸ਼ਤਪਸੰਦ ਬਣ ਗਿਆ। ਉਨ੍ਹਾਂ ਦੱਸਿਆ ਕਿ ਸੁਰਜੀਤ ਸਿੰਘ, ਹਰਜਿੰਦਰ ਸਿੰਘ ਉਰਫ ਜਿੰਦਾ ਦਾ ਸਾਥੀ ਹੈ। ਉਨ੍ਹਾਂ ਕਿਹਾ ਕਿ ਬਸ਼ੀਰ ਅਹਿਮਦ ਨਸ਼ੀਲੀਆਂ ਵਸਤੂਆਂ ਦੀ ਸਮਗਲਿੰਗ ਕਰਨ ਵਾਲੇ ਅੰਤਰਰਾਸ਼ਟਰੀ ਗਰੋਹ ਦਾ ਮੁੱਖ ਮੈਂਬਰ ਜਾਪਦਾ ਹੈ।

ਇਨ੍ਹਾਂ ਕੋਲੋਂ 17160 ਅਮਰੀਕੀ ਡਾਲਰਾਂ ਦੇ ਨਾਲ ਭਾਰਤੀ ਅਤੇ ਪਾਕਿਸਤਾਨੀ ਕਰੰਸੀ ਵੀ ਫੜੀ ਹੈ। ਸ੍ਰੀ ਕਾਂਤ ਨੇ ਦੱਸਿਆ ਕਿ ਬਸ਼ੀਰ ਅਹਿਮਦ ਨੇ ਕਈ ਵੇਰ ਨਸ਼ੀਲੇ ਪਦਾਰਥ ਸਮਗਲਿੰਗ ਕਰਨ ਦਾ ਇਕਬਾਲ ਕੀਤਾ ਹੈ ਜਿਨ੍ਹਾਂ ਦੀ ਕੀਮਤ ਕਰੋੜਾਂ ਰੁਪਏ ਬਣਦੀ ਹੈ। ਉਨ੍ਹਾਂ ਨੇ ਕਿਹਾ ਕਿ ਜਾਂਚ ਤੋਂ ਇਹ ਸਾਬਤ ਹੋ ਗਿਆ ਹੈ ਕਿ ਦਹਿਸ਼ਤਪਸੰਦਾਂ ਅਤੇ ਸਮਗਲਰਾਂ ਵਿਚਕਾਰ ਸਬੰਧ ਬਣੇ ਹੋਏ ਹਨ ਅਤੇ ਕੁਝ ਦੇਸ਼ ਦੁਸ਼ਮਣ ਲੋਕ ਵੀ ਉਨ੍ਹਾਂ ਨਾਲ ਰਲੇ ਹੋਏ ਹਨ। ਸਮਗਲਿੰਗ ਵਿਚ ਮੁਨਾਫੇ ਦੀ ਰਕਮ ਨਾਲ ਹਥਿਆਰ ਖਰੀਦੇ ਜਾਂਦੇ ਸਨ। ਇਨ੍ਹਾਂ ਦੋਵਾਂ ਵਿਰੁਧ ਕੇਸ ਦਰਜ ਕਰ ਲਏ ਹਨ।

# ਭਾਰਤ ਬਾਰੇ ਫਿਲਮ 22 ਜੁਲਾਈ ਨੂੰ

ਇਕ ਘੰਟੇ ਦੀ ਲੰਮੀ ਫਿਲਮ, ਕਿੰਗ ਟੀ. ਵੀ. ਉਤੇ ਜੋ ਸਥਾਨਕ ਐਨ. ਬੀ. ਸੀ. ਦਾ ਸਿਆਟਲ ਤੋਂ ਚੈਨਲ ਹੈ, ਦਿਖਾਈ ਜਾ ਰਹੀ ਹੈ। ਇਹ 22 ਜੁਲਾਈ, 1986 ਨੂੰ ਰਾਤ ਦੇ 9.00 ਵਜੇ ਦਿਖਾਈ ਜਾਵੇਗੀ। ਭਾਰਤ ਬਾਰੇ ਇਤਿਹਾਸਕ ਪਹਿਲੂਆਂ ਨੂੰ ਛੂਹਦੀ ਇਹ ਫਿਲਮ ਹਰ ਭਾਰਤੀ ਲਈ ਅਹਿਮੀਅਤ ਰੱਖਦੀ ਹੈ। ਨਾਲ ਹੀ ਇਸ ਵਿਚ ਸਿਆਟਲ ਵਿਚ ਲੱਗੇ ਭਾਰਤੀ ਮੇਲੇ ਬਾਰੇ ਵੀ ਵਾਕਫੀ ਹੋਵੇਗੀ।

# ਪੰਜਾਬ ਦੇ ਸਰਕਾਰੀ ਅਮਲੇ ਵਿਚ 40% ਮੁਲਾਜ਼ਮ ਪੰਜਾਬ ਤੋਂ ਬਾਹਰਲੇ ਰਾਜਾਂ ਦੇ

ਚੰਡੀਗੜ੍ਹ — ਪੰਜਾਬ ਵਿਚ ਰੁਜ਼ਗਾਰ ਤੇ ਸਰਕਾਰੀ ਨੌਕਰੀ ਦੇ ਮਾਮਲੇ ਵਿਚ ਕੇਵਲ 'ਧਰਤੀ ਦੇ ਜਾਇਆਂ ਨੂੰ' ਦੇ ਸਿਧਾਂਤ ਉਤੇ ਅਮਲ ਕਰਨ ਦੀ ਮੰਗ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿਚ ਵਧ ਰਹੀ ਹੈ ਕਿਉਂਕਿ ਹੋਰ ਗੁਆਂਢੀ ਰਾਜਾਂ ਵਿਚ ਇਸੇ ਅਸੂਲ ਉਤੇ ਕੰਮ ਹੁੰਦਾ ਹੈ। ਪੰਜਾਬ ਦੇ ਗੁਆਂਢੀ ਰਾਜਾਂ ਹਰਿਆਣਾ, ਹਿਮਾਚਲ ਪ੍ਰਦੇਸ਼ ਜੰਮੂ ਕਸ਼ਮੀਰ ਆਦਿ ਵਿਚ ਪਿਛਲੇ ਇਕ ਦਹਾਕੇ ਤੋਂ ਇਸ ਸਿਧਾਂਤ ਉਤੇ ਗੈਰ ਸਰਕਾਰੀ ਤੌਰ ਉਤੇ ਅਮਲ ਹੋਣ ਕਰਕੇ ਇਨ੍ਹਾਂ ਰਾਜਾਂ ਵਿਚ ਸਰਕਾਰੀ ਨੌਕਰੀਆਂ ਵਿਚ ਦੂਜੇ ਰਾਜਾਂ ਤੋਂ ਭਰਤੀ ਨਾਂ-ਮਾਤਰ ਕੀਤੀ ਜਾਂਦੀ ਹੈ। ਪੰਜਾਬ ਦੇ ਪੁਨਰਗਠਨ ਸਮੇਂ 1966 ਵਿਚ ਜਿਹੜੇ ਕਰਮਚਾਰੀ ਤੇ ਅਧਿਕਾਰੀ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਹਿੱਸੇ ਵਿਚ ਆਏ ਸਨ, ਉਹ ਵੀ ਹੁਣ ਰਿਟਾਇਰ ਹੋ ਚੁਕੇ ਹਨ। ਪੁਨਰਗਠਨ ਮਗਰੋਂ ਇਨ੍ਹਾਂ ਰਾਜਾਂ ਵਿਚ ਸਰਕਾਰੀ ਨੌਕਰੀ ਵਿਚ ਉਨ੍ਹਾਂ ਰਾਜਾਂ ਦੇ ਲੋਕਾਂ ਨੂੰ ਹੀ ਲਿਆ ਜਾਂਦਾ ਹੈ।

ਪਿਛਲੇ ਦੋ ਦਹਾਕਿਆਂ ਵਿਚ ਪੰਜਾਬ ਵਿਚ ਭਾਵੇਂ ਕਾਂਗਰਸ (ਆਈ) ਦੀ ਅਗਵਾਈ ਵਿਚ ਸਰਕਾਰ ਬਣੀ ਜਾਂ ਅਕਾਲੀ ਦਲ ਦੀ, ਉਨ੍ਹਾਂ ਨੇ ਸਰਕਾਰੀ ਨੌਕਰੀਆਂ ਵਿਚ ਭਰਤੀ ਸਮੇਂ ਫਰਾਖਦਿਲੀ ਤੋਂ ਕੰਮ ਲਿਆ। ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੀ ਪੜਚੋਲ ਕਰਨ ਤੋਂ ਪਤਾ ਲਗਦਾ ਹੈ ਕਿ ਰਾਜ ਸਰਕਾਰ ਵਿਚ 30 ਪ੍ਰਤੀਸ਼ਤ ਤੋਂ 40 ਪ੍ਰਤੀਸ਼ਤ ਕਰਮਚਾਰੀ ਦੂਜੇ ਰਾਜਾਂ ਦੇ ਭਰਤੀ ਕੀਤੇ ਗਏ ਹਨ। ਪੰਜਾਬ ਸਿਵਲ ਸਕੱਤਰੇਤ ਵਿਚ 30 ਪ੍ਰਤੀਸ਼ਤ ਕਰਮਚਾਰੀ ਦੂਜੇ ਰਾਜਾਂ ਦੇ ਹਨ। ਸਰਕਾਰੀ ਨਿਗਮਾਂ, ਬੋਰਡਾਂ ਵਿਚ ਤਾਂ 60 ਪ੍ਰਤੀਸ਼ਤ ਕਰਮਚਾਰੀ ਦੂਜੇ ਰਾਜਾਂ ਤੋਂ ਭਰਤੀ ਕੀਤੇ ਗਏ ਹਨ।

ਮਾਰਕਫੈਡ, ਪਨਸਪ, ਛੋਟੀਆਂ ਸਨਅਤਾਂ ਦੇ ਵਿਕਾਸ ਬਾਰੇ ਨਿਗਮ, ਪੰਜਾਬ ਵਿੱਤ ਨਿਗਮ, ਫੂਡ ਐਂਡ ਸਪਲਾਈ ਵਿਭਾਗ ਆਦਿ ਜਿਨ੍ਹਾਂ ਦੇ ਮੈਨੇਜਿੰਗ ਡਾਇਰੈਕਟਰ ਆਮ ਤੌਰ ਉਤੇ ਦੂਜੇ ਰਾਜਾਂ ਦੇ ਆਈ. ਏ. ਐਸ. ਅਧਿਕਾਰੀ ਹੁੰਦੇ ਹਨ, ਮਨਮਰਜ਼ੀ ਨਾਲ ਦੂਜੇ ਰਾਜਾਂ ਦੇ ਕਰਮਚਾਰੀਆਂ ਨੂੰ ਭਰਤੀ ਕਰ ਲੈਂਦੇ ਹਨ। ਭਰਤੀ ਵੀ ਏਨੀ ਜ਼ਿਆਦਾ ਕੀਤੀ ਜਾਂਦੀ ਹੈ ਕਿ ਨਿਗਮਾਂ ਨੂੰ ਹਰ ਸਾਲ ਕਰੋੜਾਂ ਰੁਪਏ ਦਾ ਘਾਟਾ ਪੈਂਦਾ ਹੈ। ਪਿਛਲੇ ਸਾਲਾਂ ਤੋਂ ਰਾਜ ਵਿਚ ਗੜਬੜੀ ਦੀ ਹਾਲਤ ਕਾਰਨ ਸਨਅਤੀ ਯੂਨਿਟਾਂ ਤੇ ਮਾਰਕਫੈਡ ਦੇ ਪ੍ਰਾਜੈਕਟਾਂ ਵਿਚ ਕੰਮ ਠੱਪ ਪਿਆ ਹੈ, ਪ੍ਰੰਤੂ ਸੀਨੀਅਰ ਅਧਿਕਾਰੀਆਂ ਦੀ ਭਰਤੀ ਪੂਰੀ ਰਫਤਾਰ ਨਾਲ ਜਾਰੀ ਰੱਖੀ ਗਈ।

ਪੰਜਾਬ ਵਿਚ 40 ਪ੍ਰਤੀਸ਼ਤ ਕਰਮਚਾਰੀ ਦੂਜੇ ਰਾਜਾਂ ਦੇ ਹੋਣ ਦਾ ਉਸ ਵਕਤ ਪਤਾ ਲਗਾ ਜਦੋਂ ਚੰਡੀਗੜ੍ਹ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦਾ ਇਕ ਵਫਦ ਪੰਜਾਬ ਦੇ ਮੁਖ ਸਕੱਤਰ ਤੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਮਿਲਣ ਲਈ ਗਿਆ। ਫੈਡਰੇਸ਼ਨ ਨੇ ਮੁਖ ਮੰਤਰੀ ਪਾਸੋਂ ਮੰਗ ਕੀਤੀ ਕਿ ਚੰਡੀਗੜ੍ਹ ਦੇ ਪੰਜਾਬ ਵਿਚ ਸ਼ਾਮਲ ਹੋਣ ਉਤੇ ਪ੍ਰਸ਼ਾਸਨ ਦੇ ਯੂ. ਟੀ. ਕੇਡਰ ਦੇ ਕਰਮਚਾਰੀਆਂ ਨੂੰ 'ਜਿਉਂ ਦਾ ਤਿਉਂ' ਦੇ ਆਧਾਰ ਉਤੇ ਲੈ ਲਿਆ ਜਾਵੇ। ਜਦੋਂ ਮੁਖ ਮੰਤਰੀ ਨੇ ਕਿਹਾ ਕਿ ਪ੍ਰਸ਼ਾਸਨ ਵਿਚ 60 ਪ੍ਰਤੀਸ਼ਤ ਕਰਮਚਾਰੀ ਦੂਜੇ ਰਾਜਾਂ ਦੇ ਹਨ ਤਾਂ ਫੈਡਰੇਸ਼ਨ ਦੇ ਇਕ ਬੁਲਾਰੇ ਨੇ ਮੁਖ ਮੰਤਰੀ ਨੂੰ ਇਹ ਦੱਸਿਆ ਕਿ ਪੰਜਾਬ ਸਰਕਾਰ ਦੇ ਦਫਤਰਾਂ ਵਿਚ ਵੀ 40 ਪ੍ਰਤੀਸ਼ਤ ਤੋਂ ਵੱਧ ਕਰਮਚਾਰੀ ਦੂਜੇ ਰਾਜਾਂ ਤੋਂ ਭਰਤੀ ਕੀਤੇ ਹੋਏ ਹਨ। ਪੰਜਾਬ ਦੇ ਲਗਭਗ ਸਾਢੇ ਤਿੰਨ ਲੱਖ ਕਰਮਚਾਰੀਆਂ ਵਿਚੋਂ ਲਗਭਗ ਇਕ ਲੱਖ ਕਰਮਚਾਰੀ ਚੌਥਾ ਦਰਜਾ ਜਾਂ ਵਰਕਚਾਰਜ ਕਰਮਚਾਰੀ ਲੋਕ ਨਿਰਮਾਣ, ਜਨ ਸਿਹਤ, ਨਗਰਪਾਲਿਕਾਵਾਂ ਤੇ ਨਿਗਮਾਂ ਵਿਚ ਹਨ। ਇਨ੍ਹਾਂ ਵਿਚ 80 ਪ੍ਰਤੀਸ਼ਤ ਕਰਮਚਾਰੀ ਦੂਜੇ ਰਾਜਾਂ ਨਾਲ ਸਬੰਧ ਰੱਖਦੇ ਹਨ ਜਦੋਂ ਕਿ ਤੀਜਾ ਤੇ ਦੂਜਾ ਦਰਜਾ ਕਰਮਚਾਰੀਆਂ ਵਿਚ 20 ਪ੍ਰਤੀਸ਼ਤ ਕਰਮਚਾਰੀ ਦੂਜੇ ਰਾਜਾਂ ਦੇ ਹਨ।

ਫੈਡਰੇਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਜਦੋਂ ਮੁਖ ਮੰਤਰੀ ਦੇ ਨੋਟਿਸ ਵਿਚ ਇਹ ਅੰਕੜੇ ਲਿਆਂਦੇ ਗਏ ਤਾਂ ਉਨ੍ਹਾਂ ਨੇ ਪ੍ਰਸ਼ਾਸਨ ਦੇ ਸਾਰੇ ਕਰਮਚਾਰੀਆਂ ਨੂੰ ਜਿਉਂ ਦਾ ਤਿਉਂ ਦੇ ਅਧਾਰ ਉਤੇ ਲੈਣਾ ਪ੍ਰਵਾਨ ਕਰ ਲਿਆ। ਪੰਜਾਬ ਦੇ ਰੁਜ਼ਗਾਰ ਦਫਤਰਾਂ ਵਿਚ ਦਰਜ ਬੇਰੁਜ਼ਗਾਰ ਅਧਿਆਪਕਾਂ, ਸਿਖਿਅਤ ਆਈ. ਟੀ. ਆਈ. ਵਿਦਿਆਰਥੀ, ਇੰਜੀਨੀਅਰਾਂ, ਡਾਕਟਰਾਂ ਤੇ ਲੈਕਚਰਾਰਾਂ ਲਈ ਦਰਜ ਨਾਵਾਂ ਦੇ ਅੰਕੜਿਆਂ ਦਾ ਜਾਇਜ਼ਾ ਲਿਆ ਜਾਵੇ ਤਾਂ ਇਹ ਅੰਕੜੇ ਪਿਛਲੇ ਦਸ ਸਾਲਾਂ ਵਿਚ ਤਿੰਨ ਗੁਣਾਂ ਵਧ ਗਏ ਹਨ।

# ਸ਼ਮਸ਼ੇਰ ਸਿੰਘ ਜੋਸ਼ ਦੀ ਯਾਦਗਾਰ ਬਨਾਉਣ ਦਾ ਐਲਾਨ

ਰੋਪੜ — 'ਸ਼ਮਸ਼ੇਰ ਸਿੰਘ ਜੋਸ਼ ਨੇ ਆਪਣਾ ਜੀਵਨ ਗਰੀਬ ਲੋਕਾਂ ਦੇ ਲੇਖੇ ਲਾਇਆ। ਉਹ ਰਾਜਸੀ ਖੇਤਰ ਰਾਹੀਂ ਹੀ ਨਹੀਂ ਸਗੋਂ ਵਿਦਿਅਕ ਤੇ ਸੋਸ਼ਲ ਖੇਤਰ ਰਾਹੀਂ ਵੀ ਲੋਕਾਂ ਦੀ ਸੇਵਾ ਕਰਦੇ ਰਹੇ। ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਲੈਣੀ ਚਾਹੀਦੀ ਹੈ।' ਇਹ ਸ਼ਬਦ ਪ੍ਰਸਿੱਧ ਇਨਕਲਾਬੀ ਬਾਬਾ ਪ੍ਰਿਥਵੀ ਸਿੰਘ ਅਜ਼ਾਦ (ਲਾਲੜੂ) ਪ੍ਰਧਾਨ ਕੁਲ ਹਿੰਦ ਫਰੀਡਮ ਫਾਈਟਰਜ਼ ਐਸੋ: ਨੇ ਇਥੇ ਤੀਹ ਕਿਲੋਮੀਟਰ ਦੂਰ ਖਰੜ ਵਿਚ ਪ੍ਰਸਿੱਧ ਕਮਿਊਨਿਸਟ ਤੇ ਕਿਸਾਨ ਆਗੂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦੇ ਸ਼ਰਧਾਂਜਲੀ ਸਮਾਗਮ ਵਿਚ ਬੋਲਦਿਆਂ ਕਹੇ।

ਜ਼ਿਲਾ ਕਮਿਊਨਿਸਟ ਪਾਰਟੀ ਰੋਪੜ ਦੇ ਸਕੱਤਰ ਹੁਕਮ ਚੰਦ ਸ਼ਰਮਾ ਨੇ ਐਲਾਨ ਕੀਤਾ ਕਿ ਰੋਪੜ ਵਿਚ ਸ੍ਰੀ ਜੋਸ਼ ਦੀ ਢੁਕਵੀਂ ਯਾਦਗਾਰ ਕਾਇਮ ਕੀਤੀ ਜਾਵੇਗੀ। ਇਸ ਸਮਾਗਮ ਵਿਚ ਪੰਜਾਬ ਦੇ ਕੋਨੇ ਕੋਨੇ ਤੋਂ ਹਰ ਪ੍ਰਕਾਰ ਦੇ ਰਾਜਸੀ ਵਿਚਾਰਾਂ ਦੇ ਆਗੂ ਪੁਜੇ ਹੋਏ ਸਨ। ਨਾਮਧਾਰੀ ਗੁਰੂ ਮਹਾਰਾਜ ਜਗਜੀਤ ਸਿੰਘ ਵਲੋਂ ਉਨ੍ਹਾਂ ਦੇ ਪ੍ਰਤੀਨਿਧ ਨੇ ਸ੍ਰੀ ਜੋਸ਼ ਦੇ ਸਪੁੱਤਰ ਨੂੰ ਦਸਤਾਰ ਭੇਟ ਕੀਤੀ।

# ਬਾਦਲ ਦੀ ਜ਼ਮੀਨ 'ਤੇ ਕਾਮਰੇਡਾਂ ਦੀ ਅੱਖ

ਪਟਿਆਲਾ, (ਪੱਤਰ ਪ੍ਰੇਰਕ) —ਪੰਜਾਬ ਕਿਸਾਨ ਸਭਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਰਾਜਸਥਾਨ ਦੇ ਗੰਗਾ ਨਗਰ ਜ਼ਿਲੇ ਵਿਚ ਪੈਂਦੀ 4500 ਏਕੜ ਵਾਧੂ ਜ਼ਮੀਨ ਦਾ ਮਸਲਾ ਉਠਾਉਣ ਦਾ ਫੈਸਲਾ ਕੀਤਾ ਹੈ ਜੋ ਕਿ ਜਅਲੀ ਨਾਮਾਂ ਹੇਠ ਹੈ।

ਆਲ ਇੰਡੀਆ ਕਿਸਾਨ ਸਭਾ ਵਲੋਂ ਦੇਸ਼ ਭਰ ਵਿਚ ਵਾਧੂ ਜ਼ਮੀਨ ਕਢਵਾਉਣ ਲਈ ਸ਼ੁਰੂ ਕੀਤੀ ਜਾ ਰਹੀ ਮੁਹਿੰਮ ਦਾ ਇਹ ਇਕ ਹਿੱਸਾ ਹੈ। ਭਾਰਤੀ ਖੇਤ ਮਜ਼ਦੂਰ ਯੂਨੀਅਨ ਵੀ ਇਸ ਵਿਚ ਸਹਿਯੋਗ ਦੇ ਰਹੀ ਹੈ।


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty




FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE
NIRMAL (NEIL) DHALIWAL
Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.



MOGUL GARDENS
RESTAURANT



From June 1, 1986
LUNCHEON BUFFET
WEEKLY
$5.95

We cater to large private parties
Take-Out Available
The most affordable in
Tandori (clay-oven) dishes
We serve classical East-Indian
Food with good service. . .
Luncheon Buffet weekdays
Brunch weekends
Dinner daily

801 Beach Ave. (1 blk. south of Pacific
684-5886



# ਖਤਰਨਾਕ ਦਹਿਸ਼ਤਪਸੰਦ ਬਲਵਿੰਦਰ ਜੇਲ੍ਹ ਵਿਚੋਂ ਭੱਜ ਨਿਕਲਿਆ

ਕਪੂਰਥਲਾ — ਚਾਰ ਦਹਿਸ਼ਤਪਸੰਦਾਂ ਨੇ ਦੋ ਜੇਲ੍ਹ ਵਿਚ ਡੱਕੇ ਅਤਿਵਾਦੀਆਂ ਨੂੰ ਜੇਲ੍ਹ ਉਤੇ ਹਮਲਾ ਕਰਕੇ ਛੁਡਾ ਲੈਣ ਦੀ ਖਬਰ ਮਿਲੀ ਹੈ। ਹਮਲੇ ਵਿਚ ਜੇਲ੍ਹ ਵਿਚ ਡਿਊਟੀ ਉਤੇ ਖੜੇ ਦੋ ਸਿਪਾਹੀ ਗੋਲੀਆਂ ਨਾਲ ਉਡਾ ਦੇਣ ਮਗਰੋਂ ਹਮਲਾਆਵਰ ਦੋ ਕਥਿਤ ਅਤਿਵਾਦੀਆਂ ਨੂੰ ਆਪਣੇ ਨਾਲ ਲੈ ਗਏ

ਜੇਲ੍ਹ ਵਿਚੋਂ ਭੱਜਣ ਵਾਲਿਆਂ ਵਿਚ ਪੰਜਾਬ ਦਾ ਸਭ ਤੋਂ ਵੱਧ ਖਤਰਨਾਕ ਦਹਿਸ਼ਤਪਸੰਦ ਬਲਵਿੰਦਰ ਵੀ ਸ਼ਾਮਲ ਹੈ।

ਪੁਲਸ ਦੇ ਮੁਖੀ ਨੇ ਇਥੇ ਕਿਹਾ ਕਿ ਹਮਲਾ ਰਾਤ ਵੇਲੇ ਕੀਤਾ ਗਿਆ। ਇਹ ਵੀ ਸ਼ੱਕ ਕੀਤਾ ਜਾਂਦਾ ਹੈ ਕਿ ਦਹਿਸ਼ਤਪਸੰਦਾਂ ਦੇ ਸਬੰਧ ਜੇਲ੍ਹ ਅਧਿਕਾਰੀਆਂ ਨਾਲ ਹਨ ਜਿਨ੍ਹਾਂ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ।

ਸਾਰੇ ਪੰਜਾਬ ਵਿਚ ਵੱਡੀ ਪੱਧਰ ਉਤੇ ਜੇਲ੍ਹ ਵਿਚੋਂ ਦੌੜੇ ਅਤਿਵਾਦੀਆਂ ਦੀ ਭਾਲ ਜਾਰੀ ਦੱਸੀ ਜਾਂਦੀ ਹੈ।

## 4 ਵਿਅਕਤੀ ਹਲਾਕ

ਮੰਗਲਵਾਰ ਨੂੰ 4 ਹੋਰ ਵਿਅਕਤੀ ਪੰਜਾਬ ਵਿਚ ਦਹਿਸ਼ਤਪਸੰਦਾਂ ਵਲੋਂ ਹਲਾਕ ਕਰ ਦਿਤੇ ਗਏ। ਅੰਮ੍ਰਿਤਸਰ ਅਤੇ ਗੁਰਦਾਸਪੁਰ ਦੀ ਸਥਿਤੀ ਅਗੇ ਨਾਲੋਂ ਸੁਧਰ ਗਈ ਦੱਸੀ ਜਾਂਦੀ ਹੈ ਪਰ ਦਹਿਸ਼ਤਪਸੰਦ ਬਾਕੀ ਜ਼ਿਲਿਆਂ ਵੱਲ ਖਿਸਕ ਰਹੇ ਹਨ।

# ਝਬਾਲ ਲਾਗੇ 4 ਦਹਿਸ਼ਤਪਸੰਦ ਹਲਾਕ

ਅੰਮ੍ਰਿਤਸਰ — ਝਬਾਲ ਨੇੜੇ ਇਕ ਪਿੰਡ ਵਿਚ ਛੁਪੇ ਚਾਰ ਦਹਿਸ਼ਤਪਸੰਦ ਪੁਲਸ ਗੋਲੀਆਂ ਦਾ ਸ਼ਿਕਾਰ ਹੋ ਗਏ ਹਨ। ਇਸੇ ਦੌਰਾਨ ਅੰਮ੍ਰਿਤਸਰ ਜ਼ਿਲੇ ਵਿਚ ਦੋ ਹੋਰ ਕਤਲ ਦਹਿਸ਼ਤਪਸੰਦਾਂ ਵਲੋਂ ਕੀਤੇ ਜਾਣ ਦੀ ਖਬਰ ਹੈ।

## ਫੈਡਰੇਸ਼ਨ ਨਾਲ ਕੋਈ ਗੱਲਬਾਤ ਨਹੀਂ

ਇਥੇ ਪੁੱਜੀ ਖਬਰ ਅਨੁਸਾਰ ਕਾਂਗਰਸ (ਆਈ) ਦੇ ਮੀਤ-ਪ੍ਰਧਾਨ ਅਰਜਨ ਸਿੰਘ ਨੇ ਇਸ ਖਬਰ ਦੀ ਤਰਦੀਦ ਕੀਤੀ ਹੈ ਕਿ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਆਗੂਆਂ ਨਾਲ ਗੱਲਬਾਤ ਕਰਕੇ ਪੰਜਾਬ ਦਾ ਮਸਲਾ ਸੁਲਝਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਅਕਾਲੀ ਸਰਕਾਰ ਪੰਜਾਬ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਉਹ ਅਮਨ ਕਾਨੂੰਨ ਦੀ ਸਮੱਸਿਆ ਨੂੰ ਸੁਲਝਾਣ ਵਿਚ ਲੱਗੀ ਹੋਈ ਹੈ ਤੇ ਕੇਂਦਰ ਅਕਾਲੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਹੈ।

## ਗਵਰਨਰ ਅੰਮ੍ਰਿਤਸਰ ਵਿਚ

ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਨੇ ਅੰਮ੍ਰਿਤਸਰ ਜ਼ਿਲੇ ਦਾ ਆਪਣਾ ਦੌਰਾ ਮੁਕੰਮਲ ਕਰ ਲਿਆ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਥਿਤੀ ਅਗੇ ਨਾਲੋਂ ਸੁਧਰ ਗਈ ਹੈ। ਉਨ੍ਹਾਂ ਕਿਹਾ ਦਹਿਸ਼ਤਪਸੰਦ ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚੋਂ ਦੂਜਿਆਂ ਜ਼ਿਲਿਆਂ ਵੱਲ ਚਲੇ ਗਏ ਹਨ ਤੇ ਪੁਲੀਸ ਨੂੰ ਚੁਕੰਨਾ ਕਰ ਦਿੱਤਾ ਗਿਆ ਹੈ।

## ਅਕਾਲੀਆਂ ਦੀ ਲੜਾਈ ਤੋਂ ਲੋਕ ਪਰੇਸ਼ਾਨ

ਸਾਡੇ ਪ੍ਰਤੀਨਿਧ ਅਨੁਸਾਰ ਪੰਜਾਬ ਦੇ ਲੋਕ ਅਕਾਲੀਆਂ ਦੀ ਆਪਸੀ ਲੜਾਈ ਤੋਂ ਬੇਹੱਦ ਪਰੇਸ਼ਾਨ ਹਨ ਅਤੇ ਇਹ ਇਲਜ਼ਾਮ ਆਮ ਲੋਕਾਂ ਵਲੋਂ ਲਾਇਆ ਜਾ ਰਿਹਾ ਹੈ ਕਿ ਚੰਡੀਗੜ੍ਹ ਦਾ ਮਸਲਾ ਉਲਝਿਆ ਹੀ ਇਨ੍ਹਾਂ ਦੀ ਆਪਣੀ ਲੜਾਈ ਕਾਰਨ ਹੈ। ਸਾਡੇ ਪ੍ਰਤੀਨਿਧ ਅਨੁਸਾਰ ਲੋਕ ਮਹਿਸੂਸ ਕਰਦੇ ਹਨ ਕਿ ਕੇਂਦਰ ਸਰਕਾਰ ਅਕਾਲੀਆਂ ਦੀ ਆਪਸੀ ਲੜਾਈ ਦਾ ਫਾਇਦਾ ਉਠਾ ਰਹੀ ਹੈ — ਇਸੇ ਕਾਰਨ ਚੰਡੀਗੜ੍ਹ ਦੇ ਮਾਮਲੇ ਉਤੇ ਢਿਲ ਮੱਠ ਕੀਤੀ ਜਾ ਰਹੀ ਹੈ

- ਬਦਕਿਸਮਤੀ ਉਸੇ ਦਰਵਾਜ਼ੇ ਆ ਵੜਦੀ ਹੈ ਜਿਸ ਨੂੰ ਅਸੀਂ ਕਈ ਵਾਰ ਬੇਪਰਵਾਹੀ ਨਾਲ ਖੁਲ੍ਹਾ ਛੱਡ ਛੱਡਦੇ ਹਾਂ।
- ਸਤਾਰੇ ਇਉਂ ਤੱਕ ਰਹੇ ਹਨ, ਜਿਵੇਂ ਸੁੱਤੀ ਪਈ ਦੁਨੀਆਂ ਦੀ ਨਿਗਰਾਨੀ ਕਰ ਰਹੇ ਹੁੰਦੇ ਹਨ।

# ਕੇਂਦਰ ਵਲੋਂ ਪੰਜਾਬ ਬਾਰੇ ਕੋਈ ਯੋਗ ਨਿਰਨਾ ਛੇਤੀ — ਕਾਂਗਰਸੀਆਂ ਨੂੰ ਭਰੋਸਾ

ਜੰਡਿਆਲਾ — ਪੰਜਾਬ ਵਿਚ ਛੇਤੀ ਹੀ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਦੀਆਂ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਅਤੇ ਅਗਲੇ ਕੁਝ ਦਿਨਾਂ ਤੱਕ ਸਾਰੀ ਸਥਿਤੀ ਸਪਸ਼ਟ ਹੋ ਜਾਏਗੀ। ਉਕਤ ਸੰਕੇਤ ਦਿੱਲੀ ਵਿਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਆਏ ਕੁਝ ਕਾਂਗਰਸੀਆਂ ਨੇ ਦਿਤਾ। ਕਾਂਗਰਸ (ਇ) ਹਲਕਿਆਂ ਦੇ ਅਨੁਸਾਰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਮੁਲਾਕਾਤ ਕਰਨ ਵਾਲੇ ਕਾਂਗਰਸੀਆਂ ਨੂੰ ਭਰੋਸਾ ਦੁਆਇਆ ਹੈ ਕਿ ਉਹ ਪੰਜਾਬ ਦੇ ਪ੍ਰਤੀ ਛੇਤੀ ਹੀ ਕੋਈ ਉਚਿਤ ਫੈਸਲਾ ਲੈਣਗੇ ਅਤੇ ਇਸ ਸਬੰਧ ਵਿਚ ਲੋਕਾਂ ਨੂੰ ਛੇਤੀ ਹੀ ਪਤਾ ਚਲ ਜਾਏਗਾ। ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਉਹ ਘੱਟ ਗਿਣਤੀਆਂ ਵੱਲੋਂ ਪੰਜਾਬ ਤੋਂ ਬਾਹਰ ਜਾਣ ਤੋਂ ਕਾਫੀ ਚਿੰਤਤ ਹੋਏ ਹਨ ਅਤੇ ਪੰਜਾਬ ਵਿਚ ਰੋਜ਼ਾਨਾ ਹੋ ਰਹੇ ਕਤਲਾਂ ਦਾ ਵੀ ਉਹਨਾਂ ਨੂੰ ਭਾਰੀ ਦੁਖ ਹੈ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਵਾਲਿਆਂ ਵਿਚ ਜ਼ਿਲਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਸੀਨੀਅਰ ਇੰਕਾ ਨੇਤਾ ਸ਼ਾਮਲ ਸਨ ਜਿਹਨਾਂ ਨੇ ਉਹਨਾਂ ਨੂੰ ਦੋਨਾਂ ਜ਼ਿਲਿਆਂ ਦੀ ਧਮਾਕਾ ਪੂਰਨ ਸਥਿਤੀ ਬਾਰੇ ਜਾਣੂ ਕਰਾਇਆ। ਉਕਤ ਇੰਕਾ ਹਲਕਿਆਂ ਅਨੁਸਾਰ ਪ੍ਰਧਾਨ ਮੰਤਰੀ ਨੇ ਉਹਨਾਂ ਨੂੰ ਸੰਕੇਤ ਦਿਤਾ ਹੈ ਕਿ ਅਗਲੇ ਕੁਝ ਹੀ ਦਿਨਾਂ 'ਚ ਅਜਿਹੀ ਕਾਰਵਾਈ ਕੀਤੀ ਜਾਏਗੀ ਜਿਸ ਨਾਲ ਸਾਰੀ ਸਥਿਤੀ ਨਾਰਮਲ ਹੋ ਜਾਏਗੀ। ਇਹ ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਦੀ ਹਦਾਇਤ ਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਅਤੇ ਰਾਜ ਗ੍ਰਹਿ ਮੰਤਰੀ ਸ੍ਰੀ ਗੁਲਾਮ ਨਬੀ ਆਜ਼ਾਦ ਅੰਮ੍ਰਿਤਸਰ ਅਤੇ ਪਟਿਆਲਾ ਜ਼ਿਲਿਆਂ ਦਾ ਦੌਰਾ ਕਰਕੇ ਉਥੇ ਦੀ ਹਾਲਤ ਦਾ ਜਾਇਜ਼ਾ ਲੈ ਚੁਕੇ ਹਨ ਜਦ ਕਿ ਕੇਂਦਰ ਦੀਆਂ ਕਈ ਖੁਫੀਆ ਏਜੰਸੀਆਂ ਦੇ ਅਧਿਕਾਰੀ ਵੀ ਨਾਜ਼ਕ ਖੇਤਰਾਂ ਦਾ ਦੌਰਾ ਕਰਕੇ ਆਪਣੀ ਰਿਪੋਰਟਾਂ ਕੇਂਦਰ ਸਰਕਾਰ ਨੂੰ ਦੇ ਚੁਕੇ ਹਨ। ਪੰਜਾਬ ਕਾਂਗਰਸ (ਇ) ਅਸਬੰਲੀ ਪਾਰਟੀ ਦੀ ਨੇਤਾ ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਬਰਨਾਲਾ ਸਰਕਾਰ ਨੂੰ ਪਹਿਲੇ ਹੀ ਡਿਸਮਿਸ ਕਰਨ ਦੀ ਮੰਗ ਕਰ ਚੁਕੇ ਹਨ ਜਦਕਿ ਰਾਸ਼ਟਰੀ ਕਾਂਗਰਸ ਦੇ ਐਕਟਿੰਗ ਪ੍ਰਧਾਨ ਸ੍ਰੀ ਕਮਲਾਪਤੀ ਤ੍ਰਿਪਾਠੀ ਨੇ ਵੀ ਪੰਜਾਬ ਦੇ ਮੁਖ ਮੰਤਰੀ ਨੂੰ ਚੇਤਾਵਨੀ ਦੇ ਕੇ ਕਿਹਾ ਹੈ ਕਿ ਜੇ ਉਹ ਇਕ ਮਹੀਨੇ ਦੇ ਅੰਦਰ-ਅੰਦਰ ਸਥਿਤੀ ਤੇ ਕਾਬੂ ਨਹੀਂ ਪਾ ਸਕਦੇ ਤਾਂ ਰਾਸ਼ਟਰਪਤੀ ਰਾਜ ਨੂੰ ਸਵੀਕਾਰ ਕਰਨ।

ਵਡੀਆਂ ਉਮਰਾਂ ਦੇ ਦੁਖ ਵਡੇਰੇ
ਸੂਰਜ ਵਾਂਗ ਜਲੰਦੇ।
ਆਵਾਗੌਣ ਦੇ ਚੱਕਰਵਿਊ ਵਿਚ
ਧਰਤੀ ਵਾਂਗ ਚਲੰਦੇ।


**ਜਗਦੀਸ਼ ਸਿੰਘ** ਨੋਟਰੀ ਪਬਲਿਕ
(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ
**ਇਮੀਗਰੇਸ਼ਨ ਸਲਾਹਕਾਰ**

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ


ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

**ਅਤੇ ਇਮੀਗਰੇਸ਼ਨ**
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver, B.C. V5P 1C9
Off. 324-6727
Res. 324-4160



**BOMBAY SWEETS**
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*



TOGETHER WE ARE STRONGER
NORTH AMERICAN LIFE

Looking for
**The Right Kind of Life Insurance?**
YES!
Choice is Yours :
Traditional VS Universal [Smokers & Non Smokers]
For Details & Free Consulation

ਹੁਣ ਜ਼ਿੰਦਗੀ ਭਰ ਲਈ ਇਨਸ਼ੋਰੈਂਸ ਪਾਲਸੀ ਲਓ। ਕੇਵਲ ਚਾਰ ਸਾਲ ਹੀ ਕਿਸ਼ਤਾਂ ਦੇਣ ਦੀ ਲੋੜ ਹੈ ਜਾਂ ਕਿੰਨੇ ਵੀ ਸਾਲਾਂ ਵਿਚ ਆਪਣੀ ਮਰਜ਼ੀ ਮੁਤਾਬਕ ਦੇ ਸਕਦੇ ਹੋ


Rupinder S. Azad

Toll Free Line (in B.C.)
1—800—242—8044

ਹੋਰ ਜਾਣਕਾਰੀ ਲਈ ਫੋਨ ਕਰੋ :
Contact:
Rupinder S. Azad
AZAD INSURANCE AGENCIES
#1 - 2619 - Cedar Park Pl. Clearbrook, B.C.

Ph. (604) 853-0134

# ਕਾਮਨਵੈਲਥ ਖੇਡਾਂ ਦਾ ਬਾਈਕਾਟ ਜ਼ੋਰ ਫੜਨ ਲੱਗਾ

## ਛੇ ਮੁਲਕਾਂ ਵਲੋਂ ਬਾਈਕਾਟ ਦਾ ਐਲਾਨ — ਬਾਈਕਾਟ ਵਿਚ ਭਾਰਤ ਵੀ ਸ਼ਾਮਲ ਹੋਣ ਲੱਗਾ

ਲੰਡਨ — ਇਥੋਂ ਮਿਲੀਆਂ ਖਬਰਾਂ ਅਨੁਸਾਰ ਐਡੰਬਰਾਂ ਵਿਚ ਹੋ ਰਹੀਆਂ ਕਾਮਨਵੈਲਥ ਖੇਡਾਂ ਵਿਚ ਛੇ ਮੁਲਕਾਂ ਨੇ ਖੇਡਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਵਿਚ ਮਲੇਸ਼ੀਆ, ਤਨਜ਼ਾਨੀਆ, ਨਾਈਜੇਰੀਆ, ਘਾਨਾ, ਕੀਨੀਆ ਤੇ ਯੁਗੰਡਾ ਸ਼ਾਮਲ ਹਨ। ਭਾਰਤ, ਜਿੰਮਾਮਬੇ, ਸਿੰਗਾਪੁਰ ਤੇ ਜ਼ਾਂਬੀਆ ਵਲੋਂ ਬਾਈਕਾਟ ਦੇ ਐਲਾਨ ਦੀ ਸੰਭਾਵਨਾ ਕੀਤੀ ਜਾ ਰਹੀ ਹੈ।

ਇੰਗਲੈਂਡ ਵਲੋਂ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੇ ਸਮਰਥਨ ਕਾਰਨ ਉਪਰੋਕਤ ਦੇਸ਼ ਇੰਗਲੈਂਡ ਵਿਰੁੱਧ ਲਾਮਬੰਦ ਹੋ ਰਹੇ ਹਨ। ਇਨ੍ਹਾਂ ਮੁਲਕਾਂ ਨੇ ਇੰਗਲੈਂਡ ਦੀ ਪ੍ਰਧਾਨ ਮੰਤਰੀ ਨੂੰ ਵਾਰ ਵਾਰ ਇਹ ਕਿਹਾ ਹੈ ਕਿ ਦੱਖਣੀ ਅਫਰੀਕਾ ਨਾਲ ਵਪਾਰ ਬੰਦ ਕੀਤਾ ਜਾਵੇ ਅਤੇ ਉਸ ਉਤੇ ਆਰਥਿਕ ਪਾਬੰਦੀਆਂ ਲਾਈਆਂ ਜਾਣ ਤਾਂਕਿ ਦੱਖਣੀ ਅਫਰੀਕਾ ਦੀ ਸਰਕਾਰ ਗੋਡੇ ਟੇਕਣ ਲਈ ਮਜ਼ਬੂਰ ਕੀਤੀ ਜਾ ਸਕੇ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਿ: ਮਲਰੂਨੀ ਨੇ ਵੀ ਆਰਥਿਕ ਪਾਬੰਦੀਆਂ ਲਾਉਣ ਲਈ ਮਾਰਗਰੇਟ ਥੈਚਰ ਨਾਲ ਮੁਲਾਕਾਤ ਕੀਤੀ ਪਰ ਥੈਚਰ ਆਪਣੇ ਸਟੈਂਡ ਉਤੇ ਅਜੇ ਵੀ ਅੜੀ ਹੋਈ ਹੈ ਕਿ ਵਪਾਰਕ ਸਬੰਧ ਤੋੜਨ ਨਾਲ ਕਾਲਿਆਂ ਦਾ ਨੁਕਸਾਨ ਹੋਵੇਗਾ। ਅਮਰੀਕਾ ਅਤੇ ਇੰਗਲੈਂਡ ਹੀ ਅਜਿਹੇ ਦੋ ਦੇਸ਼ ਹਨ ਜੋ ਨਸਲਵਾਦੀ ਸਰਕਾਰ ਦੀ ਖੁਲ੍ਹੇ ਤੌਰ ਉਤੇ ਸਹਾਇਤਾ ਕਰ ਰਹੇ ਹਨ।

# ਚੀਨੀ ਸਿਪਾਹੀ ਭਾਰਤੀ ਇਲਾਕੇ ਵਿਚ

ਨਵੀਂ ਦਿੱਲੀ — ਭਾਰਤ ਦੇ ਉਤਰ ਪੂਰਬੀ ਰਾਜ ਅਰੁਨਾਚਲਮ ਦੀ ਚੀਨ ਨਾਲ ਲਗਦੀ ਹੱਦ ਦੇ ਅੰਦਰਵਾਰ ਕੁਝ ਚੀਨੀ ਫੌਜੀ ਪੰਜ ਮੀਲ ਅੰਦਰਵਾਰ ਆਕੇ ਕੈਂਪ ਲਾ ਕੇ ਬੈਠ ਗਏ ਹਨ। ਭਾਰਤ ਸਰਕਾਰ ਨੇ ਚੀਨ ਦੀ ਸਰਕਾਰ ਕੋਲ ਇਸ ਬਾਰੇ ਰੋਸ ਪ੍ਰਗਟ ਕੀਤਾ ਹੈ।

ਅਰੁਨਾਚਲਮ ਦੇ ਇਸ ਖੇਤਰ ਵਿਚ ਚੀਨ ਤੇ ਭਾਰਤ ਵਿਚਾਲੇ ਪੱਕੀ ਲਾਈਨ ਨਹੀਂ ਹੈ। 1962 ਵਿਚ ਵੀ ਭਾਰਤ-ਚੀਨ ਸੀਮਾਂ ਉਪਰ ਦੋਵਾਂ ਦੇਸ਼ਾਂ ਦੀ ਫੌਜੀ ਟੱਕਰ ਹੋਈ ਸੀ।

ਜੁਲਾਈ ਦੇ ਤੀਜੇ ਹਫਤੇ ਭਾਰਤੀ ਅਤੇ ਚੀਨੀ ਅਧਿਕਾਰੀਆਂ ਦੀ ਬਾਰਡਰ ਸੰਬੰਧੀ ਚਲਦੀ ਗਲਬਾਤ ਦੀ ਲੜੀ ਦੀ ਇਕ ਬੈਠਕ ਹੋਣ ਵਾਲੀ ਹੈ। ਰਾਜਸੀ ਹਲਕੇ ਇਸ ਘਟਨਾ ਤੋਂ ਕਈ ਤਰ੍ਹਾਂ ਦੀਆਂ ਕਿਆਸ ਅਰਾਈਆਂ ਲਾ ਰਹੇ ਹਨ।

ਮਿਰਾ ਚਿਹਰਾ ਦਾਗ਼ੀ ਮੈਂ ਖ਼ੁਦ ਕਰੁ ਲਿਆ
ਮੈਂ ਇਹ ਦਾਗ਼ ਆਪਣੇ ਮਿਟਾਵਾਂ ਕਿਵੇਂ ?

# ਕੁਨੈਲ ਦਾ ਬਲਦੇਵ ਸਿੰਘ ਸੰਧੂ ਸੱਟਾਂ ਕਾਰਨ ਚਲ ਵਸਿਆ

## ਇਕਬਾਲ ਸਿੰਘ ਕਾਲੀਰਾਏ ਅਤੇ ਮਹਿੰਦਰ ਸਿੰਘ ਰਾਏ ਉਤੇ ਕਤਲ ਦਾ ਦੋਸ਼ ਲੱਗਿਆ

ਕੁਨੈਲ — 4 ਜੁਲਾਈ ਨੂੰ ਕੁਨੈਲ ਵਿਚ ਹੋਈ ਇਕ ਘਟਨਾ ਦੌਰਾਨ ਬਲਦੇਵ ਸਿੰਘ ਸੰਧੂ ਦੇ ਜੋ ਸੱਟਾਂ ਵੱਜੀਆਂ ਸਨ — ਉਹ ਉਨ੍ਹਾਂ ਦੀ ਤਾਬ ਨਾ ਝਲਦਾ ਪ੍ਰਾਣ ਤਿਆਗ ਗਿਆ ਹੈ। ਮਹਿੰਦਰ ਸਿੰਘ ਰਾਏ ਅਤੇ ਇਕਬਾਲ ਸਿੰਘ ਕਾਲੀਰਾਏ ਉਤੇ ਪਹਿਲਾਂ ਕਾਤਲਾਨਾ ਹਮਲੇ ਦਾ ਦੋਸ਼ ਲਗਾਇਆ ਗਿਆ ਸੀ — ਪੁਲਸ ਨੇ ਦੋਸ਼ ਬਦਲਕੇ ਇਨ੍ਹਾਂ ਦੋਵਾਂ ਉਪਰ ਫਸਟ-ਡਿਗਰੀ ਕਤਲ ਦਾ ਦੋਸ਼ ਲਗਾ ਦਿਤੇ ਜਾਣ ਦੀ ਖਬਰ ਮਿਲੀ ਹੈ।

4 ਜੁਲਾਈ ਨੂੰ ਕੁਨੈਲ ਵਿਚ ਬਲਦੇਵ ਸਿੰਘ ਸੰਧੂ, ਉਸਦੀ ਪਤਨੀ ਅਤੇ ਉਨ੍ਹਾਂ ਦੇ ਇਕ ਰਿਸ਼ਤੇਦਾਰ ਉਤੇ ਬੈਟਾਂ ਆਦਿ ਨਾਲ ਹਮਲਾ ਕੀਤਾ ਗਿਆ ਸੀ ਜਿਸ ਵਿਚ ਬਲਦੇਵ ਸਿੰਘ ਸੰਧੂ ਦੇ ਗੰਭੀਰ ਸੱਟਾਂ ਲੱਗੀਆਂ ਸਨ ਅਤੇ ਉਹ ਵੈਨਕੂਵਰ ਜਨਰਲ ਹਸਪਤਾਲ ਵਿਚ ਦਾਖਲ ਕੀਤਾ ਗਿਆ ਸੀ ਜਿਥੇ ਉਸ ਦੀ ਮੌਤ ਹੋ ਗਈ।

ਸੰਧੂ ਦੀ ਪਤਨੀ ਕੁਲਦੀਪ ਕੌਰ ਦੇ ਵੀ ਸੱਟਾਂ ਮਾਰੀਆਂ ਗਈਆਂ ਸਨ ਜਿਨ੍ਹਾਂ ਨਾਲ ਉਸਦੀ ਵੀਣੀ ਟੁੱਟੀ ਸੀ।


## House To Rent

5 Bed-rooms house — Three Bed-rooms main floor and 2 bed-rooms suite for rent. Located at Renfrew & Rupert. Near School and Bus stop. Rent $775[00] only.

Phone 255-4925

(Phone after 5 p.m.)

## MATRIMONIAL

Correspondence invited for a Panjabi girl, 27, M.Sc. in Food Technology. Presently visiting Canada. Write with full particulars and a returnable picture to:

M. Singh
C/0 P.O. Box 76931
Vancouver, B.C. V5R 5T3


# ਜਨਤਾ ਪਾਰਟੀ ਆਗੂ ਵਲੋਂ ਝੂਠੇ ਪੁਲੀਸ ਮੁਕਾਬਲਿਆਂ ਦੀ ਨਿੰਦਾ

ਚੰਡੀਗੜ੍ਹ — ਜਨਤਾ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਸ੍ਰੀ ਨਾਜ਼ਰ ਸਿੰਘ ਬਾਗੀ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਅਕਾਲੀ ਸਰਕਾਰ ਦੇ ਹੁੰਦੇ ਵੀ ਸਿੱਖ ਨੌਜਵਾਨਾਂ ਦੇ 'ਝੂਠੇ ਪੁਲਸ ਮੁਕਾਬਲੇ' ਧੜਾਧੜ ਜਾਰੀ ਹਨ। ਸੀ. ਆਰ. ਪੀ. ਵਲੋਂ ਲਗਾਤਾਰ ਪੱਖਪਾਤ ਤੇ ਵਿਤਕਰੇ ਵਾਲੀ ਕੂਟ ਨੀਤੀ ਅਪਣਾਈ ਜਾ ਰਹੀ ਹੈ ਤੇ ਪੰਜਾਬ ਪੁਲੀਸ ਦੇ ਮੁਖੀ ਰਿਬੇਰੋ ਵਲੋਂ 'ਗੈਰ-ਜ਼ਿੰਮੇਵਾਰ ਤੇ ਭੜਕਾਊ ਬਿਆਨ' ਦੇ ਕੇ ਫਿਰਕਾਪ੍ਰਸਤੀ ਦੀ ਅੱਗ 'ਤੇ ਤੇਲ ਪਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਦੀ ਅਲੋਚਨਾ ਕਰਦੇ ਹੋਏ ਸ੍ਰੀ ਬਾਗੀ ਨੇ ਦੋਸ਼ ਲਗਾਇਆ ਕਿ ਕੇਂਦਰ ਖਾਸ ਕਰਕੇ ਸਿੱਖਾਂ ਪ੍ਰਤੀ ਤੇ ਆਮ ਕਰਕੇ ਪੰਜਾਬ ਪ੍ਰਤੀ ਇਮਾਨਦਾਰੀ ਤੇ ਫਰਾਖਦਿਲੀ ਨਾਲ ਨਹੀਂ ਸੋਚ ਰਿਹਾ। ਧਾਰਮਿਕ ਅਸਥਾਨਾਂ 'ਚ ਪੁਲੀਸ ਦਾਖਲਾ ਤੇ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਇਕ ਫਿਰਕੇ 'ਚ ਬਿਗਾਨੀਅਤ ਦੀ ਭਾਵਨਾ ਪੈਦਾ ਕਰ ਰਹੀਆਂ ਹਨ।

ਇਸੇ ਤਰ੍ਹਾਂ ਉਨ੍ਹਾਂ ਆਖਿਆ ਕਿ ਚੰਡੀਗੜ੍ਹ ਦੇ ਮਸਲੇ 'ਤੇ ਕੇਂਦਰ ਜਾਣ ਬੁਝ ਕੇ ਅੜਿੱਚਣਾਂ ਪੈਦਾ ਕਰ ਰਿਹਾ ਹੈ ਤੇ ਵਕਾਰ ਦਾ ਸਵਾਲ ਬਣਾ ਕੇ ਪੰਜਾਬ ਹਰਿਆਣੇ ਨੂੰ ਆਪਸ 'ਚ ਲੜਾਉਣ ਦਾ ਰਾਹ ਪੱਧਰਾ ਕਰ ਰਿਹਾ ਹੈ। ਜੇਕਰ ਕੇਂਦਰ ਪੰਜਾਬ ਸਮਝੌਤੇ ਪ੍ਰਤੀ ਗੰਭੀਰ ਸੀ ਤਾਂ ਸ੍ਰੀ ਭਜਨ ਲਾਲ ਨੂੰ ਪੰਜਾਬ ਵਿਰੁਧ ਅੱਗ ਉਗਲਣ ਦੀ ਖੁਲ੍ਹ ਕਿਉਂ ਦਿੱਤੀ ਗਈ ਸੀ ? ਅਕਾਲੀ ਸਰਕਾਰ ਵਲੋਂ ਡਿਸਾਈ ਕਮਿਸ਼ਨ ਰੱਦ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਨੌਜਵਾਨ ਆਗੂ ਨੇ ਕਿਹਾ ਕਿ ਅਕਾਲੀ ਦਲ ਦੇ ਸਾਰੇ ਧੜੇ ਅਜੇ ਵੀ ਇਕੱਠੇ ਹੋ ਕੇ ਨਿਜੀ ਹਿਤਾਂ ਨਾਲੋਂ ਪੰਜਾਬ ਦੇ ਹਿਤਾਂ ਦੀ ਪਹਿਲ ਦੇ ਆਧਾਰ 'ਤੇ ਕੇਂਦਰ ਵਿਰੁੱਧ ਲਾਮਬੰਦ ਹੋਣ।

# ਦੋ ਕਰੋੜ ਦੀ ਹਸ਼ੀਸ਼ ਫੜੀ

ਨਵੀਂ ਦਿੱਲੀ — ਦਿੱਲੀ ਪੁਲੀਸ ਦੀ ਅਪਰਾਧ ਸ਼ਾਖਾ ਨੇ ਹਰਿਆਣਾ ਦੇ ਜਗਤਾਰ ਸਿੰਘ ਪਾਸੋਂ ਦੋ ਕਰੋੜ ਰੁਪਏ ਦੀ ਹਸ਼ੀਸ਼ ਫੜੀ ਹੈ। ਅਪਰਾਧ ਸ਼ਾਖਾ ਦੇ ਜਾਸੂਸਾਂ ਨੇ ਰਿਗ ਰੋਡ ਉਪਰ ਵਿਜੇ ਘਾਟ ਉਪਰ ਇਕ ਟਰੱਕ ਕਾਬੂ ਕਰਕੇ ਇਸ ਵਿਚੋਂ 302 ਕਿਲੋਗਰਾਮ ਹਸ਼ੀਸ਼ ਫੜੀ। ਟਰੱਕ ਦਾ ਡਰਾਈਵਰ ਤਾਂ ਫਰਾਰ ਹੋਣ ਵਿਚ ਸਫਲ ਹੋ ਗਿਆ ਪਰ ਜਗਤਾਰ ਸਿੰਘ ਕਾਬੂ ਆ ਗਿਆ।

ਅਪਰਾਧ ਸ਼ਾਖਾ ਦੇ ਡਿਪਟੀ ਕਮਿਸ਼ਨਰ ਪਰਮੋਦ ਕਾਂਤ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਗਤਾਰ ਸਿੰਘ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ ਤੇ ਦਿੱਲੀ ਵਿਚਕਾਰ ਨਸ਼ੀਲੀਆਂ ਵਸਤਾਂ ਦੇ ਕਾਰੋਬਾਰ ਦਾ ਮੁਖੀਆ ਹੈ। ਉਸਨੂੰ ਨਵੇਂ ਬਣੇ ਨਸ਼ੀਲੀਆਂ ਵਸਤਾਂ ਬਾਰੇ ਕਾਨੂੰਨ ਹੇਠ ਹਿਰਾਸਤ ਵਿਚ ਲੈ ਲਿਆ ਗਿਆ ਹੈ। ਸ੍ਰੀ ਕਾਂਤ ਨੇ ਦੱਸਿਆ ਕਿ ਜਗਤਾਰ ਸਿੰਘ ਤਿੰਨ ਪਾਕਿਸਤਾਨੀ ਨਾਗਰਿਕਾਂ ਪਾਸੋਂ ਲਗਾਤਾਰ ਨਸ਼ੀਲੀਆਂ ਵਸਤਾਂ ਦੀ ਸਪਲਾਈ ਪ੍ਰਾਪਤ ਕਰਦਾ ਸੀ। ਇਸ ਵਰ੍ਹੇ ਦੌਰਾਨ ਨਸ਼ੀਲੀਆਂ ਵਸਤਾਂ ਦੀ ਇਹ ਸਭ ਤੋਂ ਵੱਡੀ ਪਕੜ ਹੈ।

ਮੈਂ ਇਨਸਾਨ ਖ਼ੁਦ ਨੂੰ ਕਹਾਵਾਂ ਕਿਵੇਂ ?
ਮੁਹੱਬਤ ਦਾ ਦਾਅਵਾ ਜਤਾਵਾਂ ਕਿਵੇਂ ?


## ਖਰੀਦੋ ਜਾਂ ਟਰੇਡ ਕਰੋ

ਨੀਊਵੈਸਟਮਿਨਸਟਰ ਵਿਚ ਲਾਹੇਵੰਦਾ ਕੈਨੇਡੀਅਨ ਗਰੌਸਰੀ ਦਾ ਸਟੋਰ ਹੈ ਜਿਥੇ ਤੁਸੀਂ ਬਿਜ਼ਨਿਸ ਨਾਲ ਰਿਹਾਇਸ਼ ਵੀ ਰੱਖ ਸਕਦੇ ਹੋ। ਇਹ ਪਰਾਪਰਟੀ ਲੀਜ਼ ਉਤੇ ਵੀ ਲਈ ਜਾ ਸਕਦੀ ਹੈ ਅਤੇ ਟਰੇਡ ਵੀ ਕਰ ਸਕਦੇ ਹੋ।

ਇਥੇ ਭਾਰਤੀ ਗਰੌਸਰੀ ਰੱਖਣ ਦੀ ਵੀ ਵਧੀਆ ਸੰਭਾਵਨਾ ਹੈ ਕਿਉਂਕਿ ਇਹ ਸਟੋਰ ਪੰਜਾਬੀ ਵਸੋਂ ਵਾਲੇ ਇਲਾਕੇ ਵਿਚ ਹੈ। ਲੋੜਵੰਦ ਸੱਜਣ ਹੇਠ ਲਿਖੇ ਫੋਨ ਉਤੇ ਜਾਣਕਾਰੀ ਲੈ ਸਕਦੇ ਹਨ

522-8144

## ਮੈਟਰੀਮੋਨੀਅਲ

ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :

A S C
C/0 Canada Darpan
Box 67344 Stn. 0
Vancouver, B.C. V5W 3T1

## A.M.C. Carpet Ltd.

12983-80th. Ave., Surrey, B.C

Carpet-Vinyl-Hardwood

All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment



AMARJIT SINGH CHAHAL

Off. 594-6141

Res. 594-7595   Pager 680-0214

# ਅਮਰੀਕੀ ਦਹਿਸ਼ਤ ਪ੍ਰਸਤੀ



'ਸੂਫ਼ੀ' ਅਮਰਜੀਤ

1959 ਦਾ ਕਿਊਬਾ ਦਾ ਇਨਕਲਾਬ ਅਮਰੀਕੀ ਸਾਮਰਾਜ ਲਈ ਪਹਿਲਾਂ ਹੀ ਅਸਹਿ ਬਣਿਆ ਹੋਇਆ ਸੀ ਕਿ ਉਸ ਨੂੰ ਖਤਮ ਕਰਨ ਲਈ 1962 ਵਿਚ ਉਸ ਵੇਲੇ ਦੇ ਪ੍ਰਧਾਨ ਜੇ. ਐਫ. ਕੈਨੇਡੀ ਨੇ ਨੰਗਾ ਚਿੱਟਾ ਹਮਲਾ ਕਰਕੇ ਅੰਤ ਮੂੰਹ ਦੀ ਖਾਧੀ ਸੀ। ਜਿਸ ਤੋਂ ਪਿਛੋਂ ਪ੍ਰਧਾਨ ਕਾਸਟਰੋ ਨੂੰ ਕਤਲ ਕਰਨ ਦੀਆਂ ਪੰਜ ਸਾਜ਼ਸ਼ਾਂ ਵੀ ਨਾਕਾਮ ਹੋ ਚੁੱਕੀਆਂ ਹਨ। ਅੰਤ ਨੂੰ ਅਮਰੀਕੀ ਸਾਮਰਾਜ ਕੋਲ ਕਿਊਬਾ ਦੇ ਸਮਾਜਵਾਦੀ ਰਾਜ ਨੂੰ ਕੁਣੈਣ ਦੀ ਘੁੱਟ ਪੀਣ ਵਾਂਗ ਪ੍ਰਵਾਨ ਕਰਨਾ ਹੀ ਪਿਆ।

ਸੰਸਾਰ ਦਾ ਇਤਿਹਾਸ ਦਸਦਾ ਹੈ ਕਿ ਸਮਾਜੀ ਵਿਕਾਸ ਭਾਵੇਂ ਕਿੰਨਾ ਵੀ ਹੌਲੀ ਹੌਲੀ ਅਮਲ ਵਿਚ ਆਵੇ ਪਰ ਇਹ ਅਮਲ ਅਟੱਲ ਹੈ। ਏਸੇ ਸਮਾਜਕ ਨਿਯਮ ਅਨੁਸਾਰ ਸਾਮਰਾਜ ਦੀ ਇੱਛਾ ਦੇ ਵਿਰੁੱਧ ਧਰਤੀ ਦੇ ਹੋਰਾਂ ਦੇਸ਼ਾਂ ਤੋਂ ਬਿਨਾਂ ਅਮਰੀਕਾ ਦੇ ਦੱਖਣ ਵਿਚ, ਕੇਂਦਰੀ ਅਮਰੀਕਾ ਦੇ ਇਕ ਦੇਸ਼ ਨਿਕਾਰਗੋਆ ਵਿਚ ਮਿਹਨਤੀ ਲੋਕਾਂ ਨੇ ਉਥੋਂ ਦੀ ਜਾਬਰ ਜਗੀਰੂ-ਸਮੋਜ਼ਾ ਸਰਕਾਰ ਦਾ ਤਖਤਾ 1980 ਵਿਚ ਉਲਟਾ ਕੇ ਜਿੱਤ ਦੇ ਡੰਕੇ ਵਜਾ ਦਿਤੇ। ਨਿਕਾਰਗੋਆ ਦੇ ਮਹਾਨ ਲੋਕਾਂ ਦੀ ਇਸ ਜਿੱਤ ਨੂੰ ਅਮਰੀਕਾ ਲਈ ਬਰਦਾਸ਼ਤ ਕਰਨਾ ਬੜਾ ਔਖਾ ਹੋ ਗਿਆ ਹੈ।

ਜਦੋਂ ਤੋਂ ਰੇਗਨ ਨੇ ਅਮਰੀਕੀ ਪ੍ਰਧਾਨਗੀ ਸੰਭਾਲੀ ਹੈ, ਉਸ ਨੇ ਇਹ ਬੀੜਾ ਚੁਕਿਆ ਹੋਇਆ ਹੈ ਕਿ ਉਸ ਨੇ ਸੰਸਾਰ ਤੋਂ ਸਮਾਜਵਾਦ ਦਾ ਅੰਤ ਕਰਕੇ ਹੀ ਦਮ ਲੈਣਾ ਹੈ। ਪ੍ਰੰਤੂ ਕਹਿਣ ਨਾਲੋਂ ਕਰਨਾ ਕਠਨ ਹੀ ਨਹੀਂ, ਕਈ ਵਾਰ ਅਸੰਭਵ ਵੀ ਹੁੰਦਾ ਹੈ। ਇਥੇ ਇਹ ਗੱਲ ਚੇਤੇ ਕਰ ਲੈਣੀ ਜ਼ਰੂਰੀ ਹੈ ਕਿ ਪ੍ਰਧਾਨ ਬਣਨ ਤੋਂ ਪਹਿਲਾਂ ਰੇਗਨ ਨੇ ਆਪਣੀ ਚੋਣ ਮੁਹਿੰਮ ਵਿਚ ਕਿਹਾ ਸੀ, ਕਿ ਵੀਅਤਨਾਮ ਉਪਰ ਐਟਮ ਬੰਬ ਵਰਤਣਾ ਚਾਹੀਦਾ ਸੀ, ਜੇ ਉਹ ਪ੍ਰਧਾਨ ਹੁੰਦਾ ਤਾਂ ਉਦੋਂ ਉਹ ਜ਼ਰੂਰ ਵਰਤਦਾ। ਇਸ ਦਾ ਭਾਵ ਇਹ ਹੈ ਕਿ ਵੀਅਤਨਾਮ ਦੇ ਲੋਕਾਂ ਦੀ ਸਾਮਰਾਜ ਨੂੰ ਦਿਤੀ ਹਾਰ ਇਤਿਹਾਸ ਦੇ ਪੰਨਿਆਂ ਉਪਰ ਅੰਕਤ ਨਾ ਹੁੰਦੀ।

ਸਮਾਜੀ ਵਿਕਾਸ ਦਾ ਚੱਕਰ ਪਿਛੇ ਨਹੀਂ ਮੋੜਿਆ ਜਾ ਸਕਦਾ। ਫਿਰ ਵੀ ਲੋਕ ਵਿਰੋਧੀ ਵੱਡੀਆਂ ਸਾਮਰਾਜੀ ਤਾਕਤਾਂ ਆਪਣਾ ਹਰ ਯਤਨ ਕਰਦੀਆਂ ਹਨ। ਪ੍ਰਧਾਨ ਰੇਗਨ ਸੋਵੀਅਤ ਵਿਰੁਧ ਚੀਕ ਚਿਹਾੜਾ ਪਾਕੇ ਅਤੇ ਸਾਜ਼ਸ਼ਾਂ ਰਚ ਕੇ ਹਾਰ ਖਾਣ ਤੋਂ ਪਿਛੋਂ ਹੁਣ ਇਸ ਦਾਅ ਉਪਰ ਹੈ ਕਿ ਨਵੀਆਂ ਸਾਮਰਾਜ ਵਿਰੋਧੀ ਲਹਿਰਾਂ ਅਤੇ ਸਮਾਜਵਾਦੀ ਉਦੇਸ਼ਾਂ ਨੂੰ ਲੈ ਕੇ ਚੱਲਣ ਵਾਲੀਆਂ ਸਰਕਾਰਾਂ ਨੂੰ ਜਾਂ ਹੋਂਦ ਵਿਚ ਹੀ ਨਾ ਆਉਣ ਦਿਤਾ ਜਾਵੇ ਜਾਂ ਜੰਮਦਿਆਂ ਨੂੰ ਹੀ ਖਤਮ ਕਰ ਦਿੱਤਾ ਜਾਵੇ। 1984 ਵਿਚ 20 ਲੱਖ ਦੀ ਆਬਾਦੀ ਦਾ ਛੋਟਾ ਜਿਹਾ ਟਾਪੂ ਗਰਨੇਡਾ ਅਮਰੀਕਾ ਦੇ ਨੰਗੇ ਚਿੱਟੇ ਹਮਲੇ ਦਾ ਸ਼ਿਕਾਰ ਹੋ ਗਿਆ, ਜਿਥੇ ਮੁੜ ਅਮਰੀਕਾ ਪਿਠੂ ਸਰਕਾਰ ਥਾਪ ਦਿਤੀ ਗਈ ਹੈ।

ਏਸੇ ਸਾਲ ਦੇ ਸ਼ੁਰੂ ਵਿਚ ਅਮਰੀਕਾ ਵਲੋਂ ਲਿਬੀਆ ਉਪਰ ਹਮਲਾ ਕਰਕੇ, ਸਾਰੀਆਂ ਇਖਲਾਕੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਦਿਤਾ ਗਿਆ। ਇਹ ਹਮਲਾ ਲਿਬੀਆ ਦੇ ਆਗੂ ਕਰਨਲ ਮੋਮਾਰ ਕਦਾਫੀ ਨੂੰ ਕਤਲ ਕਰਨ ਦੀ ਸਾਜ਼ਸ਼ ਸੀ, ਜਿਸ ਵਿਚ ਉਸ ਦੀ ਲੜਕੀ ਤੋਂ ਬਿਨਾਂ ਅਨੇਕਾਂ ਸ਼ਹਿਰੀ ਮਾਰੇ ਗਏ। ਅਮਰੀਕੀ ਸਾਮਰਾਜ ਦੇ ਇਸ ਧਾੜਵੀ ਕਾਰੇ ਦੀ ਸਾਰੀ ਦੁਨੀਆਂ ਨੇ ਸਖਤ ਸ਼ਬਦਾਂ ਵਿਚ ਭੰਡੀ ਕੀਤੀ ਪ੍ਰੰਤੂ ਕਿਉਂਕਿ ਸਾਮਰਾਜ ਦਾ ਲੁਟ ਕਰਨ, ਧੱਕਾ ਕਰਨ, ਸਾਜ਼ਸ਼ਾਂ, ਕਤਲ ਅਤੇ ਹਮਲਿਆਂ ਤੋਂ ਬਿਨਾਂ ਕੋਈ ਹੋਰ ਖਾਸਾ ਹੀ ਨਹੀਂ ਹੈ ਫਿਰ ਮਨੁੱਖੀ ਕਦਰਾਂ ਕੀਮਤਾਂ ਦੀ ਸ਼ਰਮ ਦਾ ਤਾਂ ਸਵਾਲ ਹੀ ਨਹੀਂ ਰਹਿ ਜਾਂਦਾ।

ਲਿਬੀਆ ਵਿਰੁਧ ਰਾਜਕੀ-ਦਹਿਸ਼ਤਪ੍ਰਸਤੀ ਵਿਚ ਅਮਰੀਕੀ ਸਾਮਰਾਜ ਦਾ ਦੂਜਾ ਸਾਥੀ ਬੁਢਾ ਹੋਇਆ ਬਰਤਾਨਵੀ ਸਾਮਰਾਜ ਸੀ, ਜਿਸਨੇ ਹਮਲਾ ਕਰਨ ਵਾਲੇ ਜਹਾਜ਼ਾਂ ਨੂੰ ਇੰਗਲੈਂਡ ਦੇ ਅੱਡਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿਤੀ।

ਹੁਣ ਕੇਂਦਰੀ ਅਮਰੀਕਾ ਵਿਚ ਨਿਕਾਰਗੋਆ ਉਪਰ ਅਮਰੀਕਾ ਦੀ ਚੰਡਾਲ ਅੱਖ ਲੱਗੀ ਹੋਈ ਹੈ। ਜਿਵੇਂ ਕਿ ਪਤਾ ਹੀ ਹੈ ਕਿ ਨਿਕਾਰਗੋਆ ਨੂੰ ਘੇਰਾ ਪਾ ਕੇ ਅਤੇ ਉਸ ਦੇ ਸਮੁੰਦਰੀ ਪਾਣੀਆਂ ਵਿਚ ਬਾਰੂਦੀ ਸੁਰੰਗਾਂ ਪਹਿਲਾਂ ਵਿਛਾਈਆਂ ਗਈਆਂ ਸਨ, ਜਿਸ ਦਾ ਕੇਸ ਸੰਸਾਰ ਕਚਹਿਰੀ ਵਿਚ ਅਮਰੀਕਾ ਹਾਰ ਚੁਕਾ ਹੈ। ਪ੍ਰੰਤੂ ਹੁਣ ਨਿਕਾਰਗੋਆ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਡੇਗਣ ਲਈ ਖੁੱਲੇ ਤੌਰ ਉਪਰ ਸੌ ਮਿਲੀਅਨ ਡਾਲਰ (ਦਸ ਕਰੋੜ ਡਾਲਰ) ਦੀ ਅਮਰੀਕੀ ਕਾਂਗਰਸ ਮਨਜ਼ੂਰੀ ਦੇ ਚੁਕੀ ਹੈ ਜਿਸ ਨੂੰ ਕਿਵੇਂ ਵਰਤਣਾ ਹੈ, ਉਸ ਦਾ ਇੰਚਾਰਜ ਸੀ. ਆਈ. ਏ. ਨੂੰ ਬਣਾ ਦਿਤਾ ਗਿਆ ਹੈ।

ਅਮਰੀਕੀ ਸਾਮਰਾਜ ਵਲੋਂ ਕਿਹਾ ਜਾ ਰਿਹਾ ਹੈ ਕਿ ਨਿਕਾਰਗੋਆ ਉਸ ਦੇ ਪਿਛਵਾੜੇ ਵਿਚ ਇਕ ਵੀਅਤਨਾਮ ਬਣ ਜਾਵੇਗਾ। ਜਿਸਨੂੰ ਇਹ 'ਵੀਅਤਨਾਮ' ਹੀ ਮੰਨ ਰਿਹਾ ਹੈ, ਉਸਨੂੰ ਜਿੱਤਣ ਦਾ ਅਤੇ ਖਤਮ ਕਰਨ ਦਾ ਖਿਆਲ ਦਿਮਾਗ ਵਿਚੋਂ ਕੱਢ ਦੇਣਾ ਚਾਹੀਦਾ ਹੈ। ਕਿਉਂਕਿ 'ਵੀਅਤਨਾਮ' ਨੂੰ ਜਪਾਨੀ, ਫਰਾਂਸੀਸੀ ਅਤੇ ਅਮਰੀਕੀ ਸਾਮਰਾਜ ਜਿੱਤ ਨਹੀਂ ਸਕੇ ਸਨ, ਹਾਂ ਉਸ ਦੀ ਤਬਾਹੀ ਜ਼ਰੂਰ ਕਾਫੀ ਕਰ ਸਕੇ ਸਨ, ਪ੍ਰੰਤੂ ਨਾਲ ਹੀ ਆਪ ਵੀ ਤਬਾਹੀ ਤੋਂ ਬਚ ਨਹੀਂ ਸਕੇ ਸਨ। ਜਿਵੇਂ ਅਮਰੀਕਾ ਦੇ ਵੀਅਤਨਾਮ ਵਿਚ 56000 ਸਿਪਾਹੀ ਮਾਰੇ ਗਏ ਸਨ। ਇਹੋ ਕੁਝ ਨਿਕਾਰਗੋਆ ਵਿਚ ਹੋਵੇਗਾ।

ਕਦੀ ਵੀ ਭਾੜੇ ਦੇ ਟੱਟੂ ਦੇਸ਼ ਭਗਤਾਂ ਨਾਲ ਲੜ ਨਹੀਂ ਸਕਦੇ। ਅਮਰੀਕੀ ਲੋਕਾਂ ਵਿਚ ਪ੍ਰਧਾਨ ਰੇਗਨ ਦੀ ਨਿਕਾਰਗੋਆ ਵਿਚ ਦਖਲ ਅੰਦਾਜ਼ੀ ਦੀ ਬੜੀ ਜਬਰਦਸਤ ਵਿਰੋਧਤਾ ਹੈ। ਇਸ ਮਸਲੇ ਉਪਰ ਅਮਰੀਕਾ ਦੇ ਚਰਚ ਬੜਾ ਤਕੜਾ ਕੰਮ ਕਰ ਰਹੇ ਹਨ। ਜਿਵੇਂ ਪਹਿਲਾਂ ਰੇਗਨ ਵਲੋਂ ਸਾਬਕਾ ਡਿਕਟੇਟਰ ਸਮੋਜ਼ਾ ਦੇ ਭਗੌੜਿਆਂ ਨੂੰ, ਜਿਨ੍ਹਾਂ ਨੂੰ ਕੌਂਟਰਾ ਕਿਹਾ ਜਾਂਦਾ ਹੈ, 27 ਮਿਲੀਅਨ ਡਾਲਰ ਦੀ ਸਹਾਇਤਾ ਦਿਤੀ ਸੀ ਤਾਂ ਚਰਚਾਂ ਨੇ 27 ਮਿਲੀਅਨ ਇਕੱਠਾ ਕਰਕੇ ਨਿਕਾਰਗੋਆ ਸਰਕਾਰ ਨੂੰ ਦਿਤਾ। ਹੁਣ ਸੌ ਮਿਲੀਅਨ ਕੌਂਟਰਾ ਨੂੰ ਮਨਜ਼ੂਰ ਕੀਤਾ ਗਿਆ ਹੈ ਤਾਂ ਚਰਚ ਸੌ ਮਿਲੀਅਨ ਇਕੱਠਾ ਕਰਨ ਵਿਚ ਲੱਗੇ ਹੋਏ ਹਨ ਅਤੇ ਨਾਲ ਅਮਰੀਕੀ ਸਰਕਾਰ ਦੀ ਉਸ ਦੇਸ਼ ਵਿਚ ਮੁਦਾਖਲਤ ਦਾ ਵਿਰੋਧ ਕਰਦੇ ਹੋਏ ਪਰਚਾਰ ਵੀ ਕਰ ਰਹੇ ਹਨ।

ਨਿਕਾਰਗੋਆ ਦੇ ਪ੍ਰਧਾਨ ਡੈਨੀਅਲ ਓਟੇਗਾ ਨੇ ਅਮਰੀਕੀ ਸਾਮਰਾਜ ਨੂੰ ਸਾਫ ਵਾਰਨਿੰਗ ਦਿਤੀ ਹੈ ਕਿ ਕੋਈ ਅਮਰੀਕੀ ਦਖਲ ਸਹਿਨ ਨਹੀਂ ਕੀਤਾ ਜਾਵੇਗਾ, ਅਮਰੀਕੀ ਧਾੜਵੀਆਂ ਦਾ ਉਹੋ ਹੀ ਹਸ਼ਰ ਹੋਵੇਗਾ ਜੋ ਵੀਅਤਨਾਮ ਵਿਚ ਹੋਇਆ ਸੀ ਅਤੇ ਨਿਕਾਰਗੋਆ ਤੇ ਅਮਰੀਕੀ ਹਮਲਾ ਕੇਵਲ ਨਿਕਾਰਗੋਆ ਦੀਆਂ ਹੱਦਾਂ ਵਿਚ ਹੀ ਨਹੀਂ ਰਹੇਗਾ ਸਗੋਂ ਇਹ ਲੜਾਈ ਸਾਰੇ ਕੇਂਦਰੀ ਅਮਰੀਕਾ ਦੇ ਦੇਸ਼ਾਂ ਵਿਚ ਫੈਲ ਜਾਵੇਗੀ।

ਇਸ ਤੋਂ ਜ਼ਾਹਰ ਹੋ ਜਾਂਦਾ ਹੈ ਕਿ ਅਮਰੀਕੀ ਸਾਮਰਾਜ ਅਜੇ ਦੁਨੀਆਂ ਵਿਚ ਇਕ ਅਜਿਹੀ ਗੈਰ ਮਨੁੱਖੀ ਧਾੜਵੀ-ਦਹਿਸ਼ਤ ਪ੍ਰਸਤ ਸ਼ਕਤੀ ਹੈ, ਜੋ ਦੁਨੀਆਂ ਦੇ ਹਰ ਹਿੱਸੇ ਵਿਚ ਆਪਣੀ ਧੌਂਸ ਭਰੀ ਚੌਧਰ ਠੋਸਣ ਲਈ ਸਾਜ਼ਸ਼ਾਂ ਕਰ ਰਹੀ ਹੈ।

ਅੱਜ ਦੀ ਹਾਲਤ ਵਿਚ ਭਾਰਤ ਵੀ ਇਸ ਦੀਆਂ ਤਬਾਹ ਕਰੂ ਸਾਜ਼ਸ਼ਾਂ ਦਾ ਇਕ ਕੇਂਦਰ ਹੈ। ਜਿਥੇ ਇਹ ਫਿਰਕੂ ਫਸਾਦ ਕਰਾਉਣ ਤੋਂ ਲੈ ਕੇ, ਹਰ ਤਰ੍ਹਾਂ ਦੀਆਂ ਵੱਖਵਾਦੀ ਲਹਿਰਾਂ, ਖਾਲਿਸਤਾਨੀ, ਗੋਰਖਾਲੈਂਡੀ, ਨਾਗਾਲੈਂਡੀ, ਮੀਜ਼ੋਲੈਂਡ, ਆਸਾਮੀ, ਮਗਧੀ ਅਤੇ ਹੋਰ ਕਈ ਪ੍ਰਕਾਰ ਦੀਆਂ ਅਜਿਹੀਆਂ ਲਹਿਰਾਂ ਦੀ ਕਈ ਢੰਗਾਂ ਨਾਲ ਪੁਸ਼ਤ ਪਨਾਹੀ ਕਰ ਰਿਹਾ ਹੈ।

ਅਰਬ ਦੇਸ਼ਾਂ ਉਪਰ ਅਸਰਾਈਲ ਨੂੰ ਇਕ ਗੁੰਡੇ ਵਾਂਗ ਪਾਲ ਕੇ ਬੈਠਾਇਆ ਹੋਇਆ ਹੈ। ਦੱਖਣੀ ਅਫਰੀਕਾ ਦੇ 75 ਫੀਸਦੀ ਦੇ ਕਰੀਬ ਕਾਲੇ ਲੋਕਾਂ ਨੂੰ ਬਰਾਬਰਤਾ ਤੋਂ ਵਾਂਝੇ ਰਖਣ ਵਾਲੀ ਨਸਲਵਾਦੀ ਬੋਥਾ ਸਰਕਾਰ ਦੀ ਪੁਸ਼ਤਪਨਾਹੀ ਇੰਗਲੈਂਡ ਤੋਂ ਬਿਨਾਂ ਅਮਰੀਕੀ ਸਾਮਰਾਜ ਹੀ ਕਰ ਰਿਹਾ ਹੈ, ਜੋ ਦੁਨੀਆਂ ਭਰ ਦੇ ਮੰਗ ਕਰਨ ਉਪਰ ਵੀ ਉਸ ਵਿਰੁਧ ਆਰਥਕ ਪਾਬੰਦੀਆਂ ਲਾਉਣ ਲਈ ਤਿਆਰ ਨਹੀਂ ਹੈ। ਇਸ ਤੋਂ ਇਨ੍ਹਾਂ ਮਾਕਾਰ ਸਾਮਰਾਜੀ ਦੇਸ਼ਾਂ ਦੀ "ਜਮਹੂਰੀਅਤ" ਅਤੇ "ਮਨੁੱਖੀ ਅਧਿਕਾਰਾਂ" ਦੀ ਰਾਮਰੌਲੀ ਦੀ ਅਸਲੀਅਤ ਸਾਹਮਣੇ ਆ ਜਾਂਦੀ ਹੈ।

ਅਸੀਂ ਬਿਨਾਂ ਰੱਖ ਰਖਾ ਤੋਂ ਕਹਿ ਸਕਦੇ ਹਾਂ ਕਿ ਦੁਨੀਆਂ ਭਰ ਵਿਚ ਦੀ ਸਾਰੀ ਦਹਿਸ਼ਤਪ੍ਰਸਤੀ ਦੀ ਮਾਂ ਅੱਜ ਅਮਰੀਕਨ ਸਾਮਰਾਜ ਹੀ ਹੈ।

# ਅਤਿਵਾਦੀ ਇਨ੍ਹੀਂ ਦਿਨੀਂ ਡੇਰਿਆਂ ਟਿਊ-ਬਵੈਲਾਂ ਤੇ ਮੰਡ 'ਚ — ਰਿਬੇਰੋ

ਹੁਸ਼ਿਆਰਪੁਰ — ਪੰਜਾਬ ਪੁਲੀਸ ਦੇ ਚੀਫ ਸ੍ਰੀ ਰਿਬੇਰੋ ਨੇ ਦੱਸਿਆ ਕਿ ਪੁਲੀਸ ਕਾਰਵਾਈ ਵੇਲੇ ਹਰਿਮੰਦਰ ਸਾਹਿਬ ਕੰਪੇਕਸ ਵਿਚੋਂ ਭੱਜੇ ਅਤਿਵਾਦੀ ਇਸ ਵੇਲੇ ਡੇਰਿਆਂ, ਟਿਊਬਵੈਲਾਂ ਅਤੇ ਮੰਡ ਵਿਚ ਰਹਿ ਰਹੇ ਹਨ ਤੇ ਪੁਲੀਸ ਵਲੋਂ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਦਾ ਸਿਲਸਿਲਾ ਵੀ ਜਾਰੀ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਗੈਰ ਸਮਾਜੀ ਅਨਸਰਾਂ ਦੀ ਫੜੋਫੜੀ ਵਾਲੀ ਕਾਰਵਾਈ ਹੋਰ ਅਸਰਦਾਇਕ ਬਨਾਉਣ ਲਈ ਪੁਲੀਸ ਨੇ ਦੋ ਹੈਲੀਕਾਪਟਰ, ਸੌ ਜੀਪਾਂ ਅਤੇ ਵਾਇਰਲੈਸ ਸੈਟ ਮੰਗਵਾਏ ਹਨ। ਉਨ੍ਹਾਂ ਨੇ ਦੱਸਿਆ ਕਿ ਕੱਟੜ ਕਿਸਮ ਦੇ ਕੋਈ 38 ਕੁ ਦਹਿਸ਼ਤਪਸੰਦ ਹਨ ਜਿਨ੍ਹਾਂ ਵਿਚੋਂ ਚਾਰ ਨੂੰ ਫੜ ਲਿਆ ਗਿਆ ਹੈ ਜਾਂ ਖਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 80 ਪ੍ਰਤੀਸ਼ਤ ਅਜਿਹੇ ਨੌਜਵਾਨ ਹਨ ਜਿਹੜੇ ਹਾਲਾਤ ਦਾ ਲਾਭ ਲੈਂਦੇ ਹੋਏ ਇਸ ਪਾਸੇ ਵੱਲ ਗੁਮਰਾਹ ਹੋਏ ਹਨ।

ਉਨ੍ਹਾਂ ਦੱਸਿਆ ਕਿ ਸੀ. ਆਰ. ਪੀ. ਅਤੇ ਪੁਲੀਸ ਵਿਚਕਾਰ ਜਿਹੜਾ ਤਨਾਓ ਸੀ ਉਹ ਹੁਣ ਖਤਮ ਹੈ ਤੇ ਇਸ ਵੇਲੇ ਇਹ ਦੋਵੇਂ ਫੋਰਸਾਂ ਪੂਰੇ ਤਾਲਮੇਲ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪੁਲੀਸ ਦੀ ਕਾਰਵਾਈ ਉਤੇ ਪੂਰੀ ਤਰ੍ਹਾਂ ਭਰੋਸਾ ਕਰਨਾ ਚਾਹੀਦਾ ਹੈ ਤੇ ਸਰਹੱਦੀ ਜ਼ਿਲਿਆਂ ਵਿਚ ਫੌਜ ਸੱਦਣ ਦੀ ਮੰਗ ਕਰਨੀ ਚਾਹੀਦੀ। ਉਨ੍ਹਾਂ ਨੇ ਹਿੰਦੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰ ਛੱਡ ਕੇ ਕਿਧਰੇ ਦੂਜੀ ਜਗ੍ਹਾ ਨਾ ਜਾਣ। ਇਕ ਸਵਾਲ ਦੇ ਜਵਾਬ ਵਿੱਚ ਚੀਫ ਨੇ ਦੱਸਿਆ ਕਿ ਪੁਲੀਸ ਦੀ ਸਕਰੀਨਿੰਗ ਕੀਤੀ ਜਾ ਰਹੀ ਹੈ ਅਤੇ ਹੇਠਲੇ ਵਰਗ ਦੇ ਜਿਹੜੇ ਪੰਦਰਾਂ ਮੁਲਾਜ਼ਮਾਂ ਵਿਰੁਧ ਕਥਿਤ ਤੌਰ 'ਤੇ ਅਤਿਵਾਦੀਆਂ ਨਾਲ ਸਬੰਧ ਰੱਖਣ ਦਾ ਦੋਸ਼ ਪਾਇਆ ਗਿਆ ਹੈ ਉਨ੍ਹਾਂ ਦੀ ਛੁੱਟੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਵੱਡੇ ਅਫਸਰਾਂ ਦੀ ਸਕਰੀਨਿੰਗ ਦਾ ਕੰਮ ਵੀ ਜਾਰੀ ਹੈ ਤੇ ਦੋਸ਼ੀ ਪਾਏ ਜਾਣ 'ਤੇ ਉਨ੍ਹਾਂ ਨੂੰ ਵੀ ਮੁਆਫ ਨਹੀਂ ਕੀਤਾ ਜਾਵੇਗਾ

# ਅਕਾਲੀ ਦਲ (ਬਾਦਲ) ਨੂੰ ਡੈਲੀਗੇਟਾਂ ਦੀ ਸੂਚੀ ਪ੍ਰਕਾਸ਼ਤ ਕਰਨ ਦਾ ਚੈਲੰਜ

ਪਟਿਆਲਾ — ਪਟਿਆਲਾ ਸ਼ਹਿਰੀ ਅਕਾਲੀ ਦਲ ਦੇ ਜਨਰਲ ਸਕੱਤਰ ਸ: ਪਰਵਿੰਦਰ ਸਿੰਘ ਨੇ ਬਾਗੀ ਅਕਾਲੀ ਦਲ ਨੂੰ ਚੈਲਿੰਜ ਕੀਤਾ ਹੈ ਕਿ ਜੇ ਉਹਨਾਂ ਵਿਚ ਹਿੰਮਤ ਹੈ ਤਾਂ ਉਹ ਅਨੰਦਪੁਰ ਸਾਹਿਬ ਵਿਖੇ ਡੈਲੀਗੇਟ ਇਜਲਾਸ ਵਿਚ ਸ਼ਾਮਲ ਕੁਲ ਡੈਲੀਗੇਟਾਂ ਦੇ ਦਸਖਤਾਂ ਦੀ ਬਕਾਇਦਾ ਸੂਚੀ ਪੇਸ਼ ਕਰਨ ਤਾਂ ਕਿ ਸਹੀ ਸਥਿਤੀ ਦਾ ਪਤਾ ਲਗ ਸਕੇ ਕਿ ਕਿੰਨੇ ਕੁ ਅਸਲ ਡੈਲੀਗੇਟ ਇਜਲਾਸ ਵਿਚ ਸ਼ਾਮਲ ਹੋਏ। ਇਹ ਚੈਲੰਜ ਉਹਨਾਂ ਨੇ ਸ਼ਹਿਰੀ ਅਕਾਲੀ ਜਥਾ ਪਟਿਆਲਾ ਦੀ ਸਰਕਟ ਹਾਊਸ ਵਿਚ ਹੋਈ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਇਹ ਵੀ ਕਿਹਾ ਕਿ ਬਾਗੀ ਅਕਾਲੀ ਵਿਧਾਨ ਸਭਾ ਦੀਆਂ ਸੀਟਾਂ ਤੋਂ ਅਸਤੀਫੇ ਦੇ ਕੇ ਦੁਬਾਰਾ ਚੋਣਾਂ ਲੜਨ। ਮੀਟਿੰਗ ਵਿਚ ਇਹ ਵੀ ਦੋਸ਼ ਲਾਇਆ ਗਿਆ ਕਿ ਅਕਾਲੀ ਪਾਰਟੀ ਦਾ ਮੁਖ ਦਫਤਰ ਤਾਂ ਅੰਮ੍ਰਿਤਸਰ ਸਾਹਿਬ ਵਿਚ ਹੈ ਤੇ ਅਨੰਦਪੁਰ ਸਾਹਿਬ ਵਿਖੇ ਇਜਲਾਸ ਦੀ ਕੋਈ ਅਹਿਮੀਅਤ ਹੀ ਨਹੀਂ ਰਹਿ ਜਾਂਦੀ ਕਿਉਂਕਿ ਸ਼ਰੋਮਣੀ ਅਕਾਲੀ ਦਲ ਦਾ ਡੈਲੀਗੇਟ ਇਜਲਾਸ ਅੰਮ੍ਰਿਤਸਰ ਤੋਂ ਬਿਨਾਂ ਹੋਰ ਥਾਂ ਨਹੀਂ ਹੋ ਸਕਦਾ। ਸ: ਪਰਵਿੰਦਰ ਸਿੰਘ ਨੇ ਇਹ ਵੀ ਕਿਹਾ ਹੈ ਕਿ ਬਾਗੀ ਹੁਣ ਪਿੰਡਾਂ ਵਿਚ ਨਹੀਂ ਜਾ ਸਕਣਗੇ ਕਿਉਂਕਿ ਉਹਨਾਂ ਨੇ ਪਾਰਟੀ ਅਤੇ ਪੰਥ ਨਾਲ ਸ਼ਰੇਆਮ ਵਿਸ਼ਵਾਸ਼ਘਾਤ ਕੀਤਾ ਹੈ। ਇਹ ਵੀ ਦੋਸ਼ ਲਗਾਇਆ ਗਿਆ ਕਿ ਇਜਲਾਸ ਵਿਚ ਡੈਲੀਗੇਟਾਂ ਦੀ ਗਿਣਤੀ ਬਾਰੇ ਸ: ਬਾਦਲ ਨੇ ਝੂਠ ਬੋਲਿਆ। ਹੋਰ ਕਿਹਾ ਗਿਆ ਹੈ ਕਿ ਸ: ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਸਮੇਂ 1970 ਵਿਚ ਅਤਿਵਾਦ ਸ਼ੁਰੂ ਹੋਇਆ ਤੇ ਹੁਣ ਉਹ ਨੌਜਵਾਨਾਂ ਦੇ ਜਜ਼ਬਾਤ ਭੜਕਾ ਰਹੇ ਹਨ। ਸ: ਮਾਨ ਦੀ ਰਾਜ ਸਭਾ ਲਈ ਚੋਣ ਲੜਨ ਬਾਰੇ ਕਿਹਾ ਗਿਆ ਹੈ ਕਿ ਸ: ਮਾਨ ਨੂੰ ਟਿਕਟ ਉਦੋਂ ਦਿਤੀ ਗਈ ਜਦ ਉਹਨਾਂ ਦੀ ਹਾਰ ਬਾਰੇ ਬਾਗੀਆਂ ਨੂੰ ਪਹਿਲਾਂ ਹੀ ਸਪੱਸ਼ਟ ਹੋ ਗਿਆ ਸੀ। ਇਹਨਾਂ ਬਾਗੀਆਂ ਨੇ ਸ: ਮਾਨ ਦੀ ਸਿਆਸੀ ਸ਼ਕਤੀ ਖੁਦ ਖਤਮ ਕੀਤੀ।




ਪਾਇਲ ਸਾੜ੍ਹੀ ਸੈਂਟਰ(1985) ਇੰਨਕ.

ਸਰੀ-ਡੈਲਟਾ ਦੇ ਪੰਜਾਬੀ ਬਾਜ਼ਾਰ ਵਿਚੋਂ :

- ਦਾਜ ਵਰੀ ਦਾ ਸਮਾਨ
- ਵਾਜ਼ਬ ਕੀਮਤ
- ਵੰਨ-ਸੁਵੰਨੇ ਡੀਜ਼ਾਈਨ
- ਲੇਟੈਸਟ ਵਰਾਇਟੀ

ਲੈਣ ਲਈ ਹਮੇਸ਼ਾਂ ਪਾਇਲ ਸਾੜ੍ਹੀ ਸੈਂਟਰ ਦਾ ਨਾਂ ਚੇਤੇ ਰੱਖੋ

ਕਰੇਵ ਦਾ ਸੂਟ — 16 ਡਾਲਰ ਵਾਲਾ ਹੁਣ 8.99 ਡਾਲਰ ਵਿਚ
ਪੌਲੀਇਸਟਰ ਦਾ ਸੂਟ 10 ਡਾਲਰ ਵਾਲਾ ਹੁਣ 5 ਵਿਚ
— 45 ਡਾਲਰ ਵਾਲਾ ਸੂਟ ਹੁਣ 25 ਡਾਲਰ

ਬਹੁਤ ਜਲਦੀ ਰੱਖੜੀਆਂ ਬਾਰੇ ਸਪੈਸ਼ਲ ਤੋਹਫਾ

ਸਤਿ ਸ੍ਰੀ ਅਕਾਲ ਸੂਟ — ਮਿਲੇਗਾ

9277 - 120 ਸਟਰੀਟ (ਸਕਾਟ ਰੋਡ) ਡੈਲਟਾ, ਬੀ. ਸੀ.

ਫੋਨ : 584-6011

— ਪਾਇਲ ਸਾੜ੍ਹੀ ਤੇ ਇਕ ਵਾਰ ਆ ਕੇ ਦੇਖੋ

### ਖੁੱਲ੍ਹੀਆਂ ਗੱਲਾਂ

# ਰੁਸਤਮੇ ਹਿੰਦ ਹਰਬੰਸ ਸਿੰਘ ਰਾਏਪੁਰ ਡੱਬਾ ਨਾਲ

ਜਦੋਂ ਤੁਸੀਂ ਰੁਸਤਮੇ-ਹਿੰਦ, ਬਰਤਾਨਵੀ ਐਮਪਾਇਰ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਚੈਂਪੀਅਨ ਅਤੇ ਭਰ ਜੁਆਨ ਕਿੰਗ-ਕਾਂਗ ਨੂੰ ਹਰਾਉਣ ਵਾਲੇ ਸ੍ਰੀ ਹਰਬੰਸ ਸਿੰਘ ਨਾਲ ਗੱਲਬਾਤ ਕਰ ਰਹੇ ਹੁੰਦੇ ਹੋ ਤਾਂ ਤੁਹਾਨੂੰ ਇਹ ਲਗਦਾ ਹੈ ਕਿ ਤੁਸੀਂ ਕਿਸੇ ਪਹਿਲਵਾਨ ਨਾਲ ਨਹੀਂ, ਸਗੋਂ ਇਕ ਪਰਪੱਕ ਬੁੱਧੀਜੀਵੀ (ਇੰਟਲੈਕਚੂਅਲ) ਨਾਲ ਗੱਲਬਾਤ ਕਰ ਰਹੇ ਹੋ। ਸ੍ਰੀ ਹਰਬੰਸ ਸਿੰਘ ਹੋਰਾਂ ਨੇ ਬਹੁਤ ਸਾਰੇ ਸੰਸਾਰ ਪ੍ਰਸਿੱਧ ਵਿਦਵਾਨਾਂ ਅਤੇ ਲੇਖਕਾਂ ਨੂੰ ਪੜ੍ਹਿਆ ਹੈ। ਗੱਲਬਾਤ ਦੌਰਾਨ ਉਹ ਉਨ੍ਹਾਂ ਲੇਖਕਾਂ ਵਿਦਵਾਨਾਂ ਦੇ ਕਥਨਾਂ ਦੇ ਹਵਾਲੇ ਦੇ ਕੇ ਉਹ ਇਕ ਮਾਨਸਿਕ ਆਨੰਦ ਵੀ ਪ੍ਰਾਪਤ ਕਰਦੇ ਹਨ। 74 ਸਾਲ ਦੀ ਉਮਰ 'ਚ ਵੀ ਉਹ ਨੇਮਬੱਧ ਪੱਕੇ ਪਾਠਕ ਹਨ। ਜਦ ਮੈਂ ਉਨ੍ਹਾਂ ਨਾਲ ਗੱਲਬਾਤ ਕਰਨ ਗਿਆ ਤਾਂ ਉਹ ਅਮਰੀਕੀ ਲੇਖਕ ਮਾਈਕਨਰ ਦੀ ਪੁਲਾੜ ਬਾਰੇ ਇਕ ਕਿਤਾਬ ਪੜ੍ਹ ਰਹੇ ਸਨ ਅਤੇ ਇਲਸਟਰੇਟਿਡ ਵੀਕਲੀ ਆਫ ਇੰਡੀਆ ਦਾ ਤਾਜ਼ਾ ਅੰਕ ਵੀ ਉਨ੍ਹਾਂ ਦੀ ਮੇਜ਼ 'ਤੇ ਪਿਆ ਸੀ।

ਉਨ੍ਹਾਂ ਦੀ ਡੂੰਘੀ ਬੌਧਿਕ ਰੁਚੀ, ਮਾਨਵਵਾਦੀ ਦ੍ਰਿਸ਼ਟੀਕੋਣ ਉਨ੍ਹਾਂ ਦੀ ਗੱਲਬਾਤ 'ਚੋਂ ਸਾਫ ਝਲਕਦਾ ਹੈ। ਉਹ ਤਰਕਵਾਦੀ ਅਤੇ ਨਾਸਤਕ ਹੋਣ 'ਚ ਮਾਣ ਮਹਿਸੂਸ ਕਰਦੇ ਹਨ।

ਉਨ੍ਹਾਂ ਦੀ ਡੇਅਰੀ ਫਾਰਮ ਇਕ ਆਮ ਪੰਜਾਬੀ ਕਿਸਾਨ ਦੇ ਡੇਅਰੀ ਫਾਰਮ ਵਰਗਾ ਹੀ ਹੈ। ਉਹ ਹੁਣ ਵੀ ਮੱਝਾਂ ਦੀਆਂ ਧਾਰਾਂ ਕੱਢਦੇ ਹਨ ਤਾਂ ਜੋ ਸਰੀਰ ਚੁਸਤ ਰਹੇ।

ਸ੍ਰੀ ਹਰਬੰਸ ਸਿੰਘ ਹੋਰਾਂ ਦਾ ਜਨਮ ਪਿੰਡ ਰਾਏਪੁਰ ਡੱਬਾ, ਤਹਿਸੀਲ ਨਵਾਂ ਸ਼ਹਿਰ ਜ਼ਿਲਾ ਜਲੰਧਰ ਵਿਚ ਦਸੰਬਰ 1911 ਨੂੰ ਹੋਇਆ। ਪਿਤਾ ਜੀ ਦਾ ਨਾਮ ਸ੍ਰੀ ਕਾਹਨ ਸਿੰਘ ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਹੁਕਮ ਕੌਰ ਸੀ। ਭਲਵਾਨ ਹੋਰਾਂ ਦਾ ਇਕ ਭਰਾ ਅਤੇ ਇਕ ਭੈਣ ਵੀ ਹੈ। ਦਸ ਸਾਲ ਦੀ ਉਮਰ 'ਚ ਉਨ੍ਹਾਂ ਦੇ

ਪਿਤਾ ਜੀ ਨੇ ਉਨ੍ਹਾਂ ਨੂੰ ਨਿਊਜ਼ੀਲੈਂਡ ਮੰਗਵਾ ਲਿਆ ਜਿਥੇ ਇਹ 1920-26 ਤੱਕ ਰਹੇ।

ਉਨ੍ਹਾਂ ਦੇ ਦੋ ਬੱਚੇ ਹਨ : ਸ੍ਰੀ ਕਸ਼ਮੀਰਾ ਸਿੰਘ ਅਤੇ ਪੁੱਤਰੀ ਬੀਬੀ ਰੁਪਿੰਦਰ ਕੌਰ। ਸ੍ਰੀ ਕਸ਼ਮੀਰਾ ਸਿੰਘ ਪ੍ਰਸਿੱਧ ਪਹਿਲਵਾਨ ਰਹੇ ਹਨ ਅਤੇ ਇਤਿਹਾਸ ਦੇ ਲੈਕਚਰਾਰ ਵੀ। ਕਾਲਜ ਦੀ ਪ੍ਰਿੰਸੀਪਲਸ਼ਿਪ ਛੱਡ ਕੇ ਹੁਣ ਉਹ ਆਪਣੇ ਲੜਕੇ ਸੰਨੀ ਗਿੱਲ ਦੀ ਅਗਵਾਈ ਤੇ ਸਿਖਲਾਈ 'ਚ ਸਾਰਾ ਸਮਾਂ ਲਾ ਰਹੇ ਹਨ। 'ਬੜੇ ਭਲਵਾਨ'(ਸ. ਹਰਬੰਸ ਸਿੰਘ) ਹੋਰਾਂ ਦੇ ਦੋ ਪੋਤਰੇ ਹਨ। ਸੰਨੀ ਗਿੱਲ ਅਤੇ ਹਨੀ ਗਿੱਲ। ਸੰਨੀ ਗਿੱਲ ਪਿਛਲੇ ਸਾਲ ਹੋਏ ਕੌਮੀ ਕੁਸ਼ਤੀ ਮੁਕਾਬਲੇ 'ਚ ਨੈਸ਼ਨਲ ਚੈਂਪੀਅਨ ਬਣਿਆ ਹੈ ਅਤੇ ਜੂਨ 'ਚ ਹੋਏ ਟਰਾਇਲਾਂ 'ਚ ਉਹ ਜੁਲਾਈ 'ਚ ਹੋ ਰਹੀਆਂ ਕਾਮਨਵੈਲਥ ਖੇਡਾਂ ਲਈ ਚੁਣਿਆ ਗਿਆ ਹੈ। ਸੰਨੀ 100 ਕਿਲੋਗਰਾਮ ਤੋਂ ਵੱਧ ਸ਼੍ਰੇਣੀ ਦੀ ਕੁਸ਼ਤੀ ਲੜਦਾ ਹੈ। ਉਸ ਦੀ ਟਰੇਨਿੰਗ 'ਚ ਸ. ਕਸ਼ਮੀਰਾ ਸਿੰਘ ਤੋਂ ਬਿਨਾਂ ਮਾਹਿਰ ਕੋਚ ਸ੍ਰੀ ਪਿਆਰਾ ਰਾਮ ਸੌਂਧੀ ਦਾ ਖਾਸ ਹੱਥ ਹੈ।



ਭਲਵਾਨ : ਅੱਜ-ਕਲ

ਸ੍ਰੀ ਹਰਬੰਸ ਸਿੰਘ ਹੋਰਾਂ ਦੀ ਦੇਖਾ-ਦੇਖੀ ਇਲਾਕੇ ਦੇ ਅਤੇ ਰਾਏਪੁਰ ਦੇ ਬਹੁਤ ਸਾਰੇ ਨੌਜਵਾਨਾਂ ਨੇ ਕੁਸ਼ਤੀ ਨੂੰ ਅਪਨਾਇਆ ਹੈ। ਪਿੰਡ ਰਾਏਪੁਰ ਡੱਬਾ ਦੇ ਲਗਪਗ ਹਰੇਕ ਨੌਜਵਾਨ ਦੇ ਮੋਢੇ ਤੇ ਲੰਗੋਟ ਰਹਿੰਦਾ ਹੈ।

ਭਾਵੇਂ ਉਨ੍ਹਾਂ ਨੇ ਦੇਸੀ ਕੁਸ਼ਤੀ ਵੀ ਲੜੀ ਅਤੇ ਮੁੱਕੇਬਾਜ਼ੀ (ਬਾਕਸਿੰਗ) ਵੀ ਕੀਤੀ, ਪਰ ਪ੍ਰਸਿੱਧੀ ਅਤੇ ਮੁਹਾਰਤ ਉਨ੍ਹਾਂ ਨੂੰ ਅਮਰੀਕਨ ਸਟਾਇਲ (ਦਾਰਾ ਸਿੰਘ ਵਾਲੀ) ਵਿਚ ਹੀ ਪ੍ਰਾਪਤ ਹੋਈ।

ਸ੍ਰੀ ਹਰਬੰਸ ਸਿੰਘ ਦਾ ਜੀਵਨ ਅਤੇ ਸ਼ਖਸੀਅਤ ਬਹੁਤ ਹੀ ਰੌਚਿਕ ਅਤੇ ਅਹਿਮ ਘਟਨਾਵਾਂ ਨਾਲ ਭਰਪੂਰ ਹੈ।

ਸਾਹਿਤ, ਸਾਇੰਸ, ਮਨੁੱਖ, ਫਿਰਕਾਪ੍ਰਸਤੀ ਅਤੇ ਅੰਧ-ਵਿਸ਼ਵਾਸ਼, ਆਦਿ ਵਿਸ਼ਿਆਂ ਉਪਰ ਲੰਬਾ ਸਮਾਂ ਸਾਰਥਕ ਗੱਲਬਾਤ ਕਰਨ ਮਗਰੋਂ, ਮੈਂ ਗੱਲਬਾਤ ਦਾ ਰੁਖ ਉਨ੍ਹਾਂ ਦੇ ਪਹਿਲਵਾਨੀ ਜੀਵਨ ਵੱਲ ਨੂੰ ਮੋੜਿਆ।

? ਕੁਸ਼ਤੀ ਲੜਨ ਦਾ ਸ਼ੌਕ ਕਿਵੇਂ ਪੈਦਾ ਹੋਇਆ ?

— ਮੇਰੇ ਭਾਈਆ ਜੀ ਨੂੰ ਭਲਵਾਨੀ ਕਰਾਉਣ ਦਾ ਸ਼ੌਕ ਸੀ। ਜਦ ਮੈਂ ਨਿਊਜ਼ੀਲੈਂਡ ਗਿਆ ਤਾਂ ਮੇਰੀ ਖੁਰਾਕ ਬਹੁਤ ਹੋ ਗਈ। ਭਾਈਆ ਜੀ ਨੇ ਸੋਚਿਆ ਕਿ ਕੱਲਾ ਹੈ ਕਿਤੇ ਗੋਰਿਆਂ ਕੋਲੋਂ ਕੁੱਟ ਹੀ ਨਾ ਖਾ ਆਇਆ ਕਰੇ। ਇਸ ਕਰਕੇ ਉਨ੍ਹਾਂ ਨੇ ਮੈਨੂੰ ਬੌਕਸਿੰਗ ਦੀ ਸਿਖਲਾਈ ਲਈ ਇਕ ਗੋਰੇ ਕੋਲ ਭੇਜਣਾ ਸ਼ੁਰੂ ਕਰ ਦਿੱਤਾ।

? ਇਸ ਸਮੇਂ ਦੀਆਂ ਹੋਰ ਖਾਸ ਖਾਸ ਘਟਨਾਵਾਂ ?

— ਮੈਂ ਛੇਤੀ ਹੀ ਇਕ ਬਹੁਤ ਵਧੀਆ ਦੌੜਾਕ, ਫੁਟਬਾਲ ਅਤੇ ਰਗਬੀ ਦਾ ਸਿਰਕੱਢ ਖਿਡਾਰੀ ਬਣ ਗਿਆ। ਅਜੇ ਸਕੂਲ ਵਿਚ ਹੀ ਸਾਂ ਅਤੇ ਉਮਰ ਵੀ 14 ਸਾਲ ਦੀ ਈ ਸੀ, ਜਦ ਮੈਂ ਦੌੜਾਂ ਦੇ ਸੀਨੀਅਰ ਮੁਕਾਬਲਿਆਂ 'ਚ ਪਹਿਲੀ ਜਾਂ ਦੂਸਰੀ ਪੁਜ਼ੀਸ਼ਨ ਤੇ ਆਉਣ ਲਗ ਪਿਆ। ਜਦ ਮੈਂ ਰਗਬੀ ਦੀ ਟੀਮ 'ਚ ਖੇਡਿਆ ਤਾਂ ਮੈਨੂੰ ਇਕ ਕਿੱਕ ਲਾਉਣ ਦਾ ਮੌਕਾ ਮਿਲਿਆ। ਇਸ ਕਿੱਕ ਨੂੰ ਅਖਬਾਰਾਂ ਨੇ ਸੀਜ਼ਨ ਦੀ ਸਭ ਤੋਂ ਵਧੀਆ ਕਿੱਕ ਕਰਾਰ ਦਿਤਾ। ਅਖਬਾਰਾਂ ਨੇ ਮੇਰੀ ਬਹੁਤ ਵਡਿਆਈ ਕੀਤੀ।

? ਤੁਹਾਡੀ ਕੁਸ਼ਤੀ ਸਮੇਂ ਕਿਹੜੇ ਕਿਹੜੇ ਗੁਣਾਂ ਦੀ ਝਲਕ ਪੈਂਦੀ ਸੀ ?

— ਮੇਰੇ 'ਚ ਅੰਨ੍ਹਾ ਜ਼ੋਰ ਸੀ। ਇਹ ਨੇਚੂਰਲ (ਕੁਦਰਤੀ) ਵੀ ਸੀ। ਇਹ ਸਪਲੈਸ਼ (Splash) ਜ਼ੋਰ ਸੀ। ਚੀਤੇ ਵਰਗੀ ਫੁਰਤੀ ਅਤੇ ਸਪੀਡ ਸੀ ਮੇਰੇ ਵਿਚ। ਕੁਸ਼ਤੀ ਦਾ ਫੈਸਲਾ ਇਕ ਦਮ ਹੀ ਕਰ ਦਿੰਦਾ ਸਾਂ।

? ਐਨਾ ਜ਼ੋਰ ਕਿਸ ਖੁਰਾਕ ਨੇ ਪੈਦਾ ਕੀਤਾ ?

— ਮੈਂ ਦੱਸਿਆ ਨਾ ਪਈ ਨਿਊਜ਼ੀਲੈਂਡ 'ਚ ਮੈਨੂੰ ਬਹੁਤ ਹੀ ਰੱਜਵੀਂ ਖੁਰਾਕ ਮਿਲੀ। ਦੁੱਧ, ਘਿਓ, ਅੰਡੇ, ਮੀਟ, ਰੱਜਵਾਂ। ਜ਼ੋਰ ਮੇਰੇ 'ਚ ਕੁਦਰਤੀ ਸੀ। ਉਦਾਂ ਖੁਰਾਕ ਸਦਾ ਇਕਸਾਰ ਨਹੀਂ ਸੀ ਰਹਿੰਦੀ। ਜਦ ਕੁਸ਼ਤੀ ਨੇੜੇ ਆਉਂਦੀ ਸੀ ਤਾਂ ਮਿਹਨਤ ਵੀ ਦੱਬ ਕੇ ਕਰਨੀ ਪੈਂਦੀ ਸੀ। ਉਦੋਂ ਖੁਰਾਕ ਵੀ ਵੱਧ ਜਾਂਦੀ ਸੀ। ਉਸ ਸਮੇਂ ਰੋਜ਼ ਅੱਧ ਸੇਰ ਘਿਓ, ਦੋ ਕਿਲੋ ਦੁੱਧ-ਅੱਧ ਪਾ ਘਿਓ - 150 ਗਿਰੀਆਂ ਬਦਾਮਾਂ ਦੀ ਫਿਰਨੀ, ਇਕ ਸੇਰ ਪੱਕੇ ਦਾ ਮੁਰਗਾ, ਇਕ ਸੇਰ ਬਦਾਮਾਂ ਦੀ ਸ਼ਰਦਾਈ, ਰਾਤ ਨੂੰ ਇਕ ਸੇਰ ਪੱਕਾ ਦੁੱਧ।

? ਕੁਸ਼ਤੀ ਨੇੜੇ ਆਉਣ ਸਮੇਂ ਕਿੰਨੀ ਕੁ ਕਸਰਤ ਕਰਦੇ ਸੀ ?

— ਜ਼ੋਰਾਂ ਤੋਂ ਬਿਨਾਂ ਕਰੀਬ 2200 ਬੈਠਕਾਂ, 950 ਡੰਡ, ਧੱਕਾਂ, 210 ਪੌਂਡ ਭਾਰ ਦੇ ਬਾਲੇ ਕੱਢਣੇ, ਦੌੜ ਆਦਿ।

? ਜਦ ਸਰੀਰ ਪੂਰੇ ਚੜ੍ਹਾਅ 'ਚ ਸੀ ਤਾਂ ਛਾਤੀ, ਡੌਲੇ, ਪੱਟਾਂ ਆਦਿ ਦਾ ਕੀ ਨਾਮ ਸੀ ?

— ਛਾਤੀ 44 ਇੰਚ, ਪੱਟ 29 ਇੰਚ, ਡੌਲੇ ਸਾਢੇ ਸਤਾਰਾਂ ਇੰਚ।

? ਕੁਸ਼ਤੀ ਲੜਨ ਦੇ ਤੁਹਾਡੇ ਸਟਾਇਲ ਦੀ ਕੋਈ ਖਾਸ ਖੂਬੀ ?

— ਜੇ ਤੁਸੀਂ ਮੇਰੀ Scrap book (ਅਖਬਾਰੀ ਕਾਤਰਾਂ) ਦੇਖੋ ਤਾਂ ਤੁਹਾਨੂੰ

ਬਾਕੀ ਸਫਾ 16




WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

Kuldip S. Jhand

SUPER BUYS

325 - 12th St., New Westminster, B.C.

ਔਲੀਵਰ ਵਿਚ ਨਵਾਂ ਫਰੂਟ ਸਟੈਂਡ

ਪਨੋਰਮਾ ਆਰਚਰਡ

ਜਿਥੋਂ ਤੁਹਾਨੂੰ ਹਰ ਕਿਸਮ ਦੀਆਂ ਸਬਜ਼ੀਆਂ ਤੇ ਫਲ ਮਿਲ ਸਕਦੇ ਹਨ

ਹਿੰਦੁਸਤਾਨੀ ਗਰੌਸਰੀ ਵੀ ਮਿਲ ਸਕਦੀ ਹੈ — ਆਟਾ, ਖੰਡ, ਚਾਹ ਤੇ ਦਾਲਾਂ, — ਸਸਤੇ ਭਾਅ ਉਤੇ ਖਰੀਦੋ

Panaroma Orchard
Fruit Stand

Vegetables, Fruit — Apples (Golden and Red), Mangoes, Oranges etc.

Panaroma Orchards
RR2, 97 HWY.
OLIVER, B.C.
PH. 498-3132

FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER
NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ

Ph. 270-2100

CONTACT

11420 Granville Ave. Richmond, B.C. V6Y 1R6

Nagra Insurance Agencies

ਆਪ ਹੀ ਪਤਾ ਲਗ ਜੂ। ਖੇਡਾਂ ਦੇ ਮਾਹਿਰ ਅਤੇ ਆਮ ਲੋਕ ਵੀ ਕਹਿੰਦੇ ਸੀ ਪਈ ਕਿ ਘੋਲਾਂ ਦੀ ਹਿਸਟਰੀ 'ਚ ਇਸ ਵਰਗਾ ਸੁਥਰਾ ਘੁਲਾਟੀਆ ਨਹੀਂ ਪੈਦਾ ਹੋਇਆ। ਵਿਦੇਸ਼ੀ ਪ੍ਰੈਸ ਨੇ ਲਿਖਿਆ ਸੀ ਪਈ ਹਰਬੰਸ ਇਜ਼ ਨਿਊ ਸਟਾਰ ਔਨ ਰੈਸਲਿੰਗ ਹੌਰੀਜ਼ਨ (ਹਰਬੰਸ ਘੋਲ ਦੇ ਅਸਮਾਨ ਦਾ ਨਵਾਂ ਤਾਰਾ ਹੈ।)

? ਇਹ ਦੱਸੋ ਕਿ ਤੁਸੀਂ ਕਦੋਂ ਅਤੇ ਕਿਸ ਨੂੰ ਹਰਾ ਕੇ ਕਿਹੜਾ ਕਿਹੜਾ ਖਿਤਾਬ ਜਿੱਤਿਆ ?

— 1934 'ਚ ਮੈਂ ਟੌਮ ਲੁਇਰਿਚ ਨੂੰ ਹਰਾ ਕੇ ਆਸਟਰੇਲੀਆ ਚੈਂਪੀਅਨ

— 1934 'ਚ ਮੈਂ ਟੌਮ ਲੂਇਰਿਚ ਨੂੰ ਹਰਾ ਕੇ ਆਸਟਰੇਲੀਅਨ ਚੈਂਪੀਅਨ ਬਣਿਆ। 1935 'ਚ ਜਾਰਜ ਵਾਲਕਰ ਨੂੰ ਹਰਾ ਕੇ ਬ੍ਰਿਟਿਸ਼ ਐਮਪਾਇਰ (ਅੱਜ ਕੱਲ ਦੇ ਕਾਮਨਵੈਲਥ) ਚੈਂਪੀਅਨ ਬਣਿਆ। 1937 'ਚ ਕਿੰਗ-ਕਾਂਗ ਨੂੰ ਹਰਾ ਕੇ ਰੁਸਤਮੇ-ਹਿੰਦ ਦਾ ਖਿਤਾਬ ਜਿੱਤਿਆ। ਕਿੰਗ-ਕਾਂਗ ਉਸ ਸਮੇਂ ਯੂਰਪੀਆਈ ਚੈਂਪੀਅਨ ਵੀ ਸੀ।

— ਕਿੰਗ-ਕਾਂਗ ਅਤੇ ਤੁਹਾਡੇ ਸਰੀਰਾਂ 'ਚ ਕਿੰਨਾਂ ਕੁ ਫਰਕ ਸੀ ਅਤੇ ਉਮਰ ਦਾ ਫਰਕ ਕਿੰਨਾ ਕੁ ਸੀ ?

— ਮੇਰੀ ਉਮਰ ਉਦੋਂ 25-26 ਸਾਲ ਦੀ ਸੀ ਅਤੇ ਕਿੰਗ-ਕਾਂਗ ਮੇਰੇ ਨਾਲੋਂ ਇਕ ਸਾਲ ਵੱਡਾ ਸੀ। ਮੇਰਾ ਭਾਰ ਕਰੀਬ 95 ਕਿਲੋ ਸੀ, ਪਰ ਕਿੰਗ-ਕਾਂਗ ਦਾ 200 ਕਿਲੋਗਰਾਮ।

? ਇਸ ਕੁਸ਼ਤੀ 'ਚ ਕਿੰਗ-ਕਾਂਗ ਨੂੰ ਕਿਵੇਂ ਢਾਇਆ ?

- ਪੁਆਇੰਟਾਂ ਦੇ ਫਰਕ ਨਾਲ।

? ਕੁਸ਼ਤੀਆਂ ਕਿਸ ਵਲੋਂ ਕਰਾਈਆਂ ਗਈਆਂ ਸਨ ?

— ਰੁਸਤਮੇ-ਹਿੰਦ ਦੀ ਕੁਸ਼ਤੀ ਨੂੰ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਨੇ ਜਥੇਬੰਦ ਕੀਤਾ ਸੀ। ਪਹਿਲੇ ਗੇੜ ਦੇ ਘੋਲ ਬੰਬਈ, ਨਾਗਪੁਰ, ਕਲਕੱਤੇ, ਰੰਗੂਨ ਵਿਚ ਹੋਏ। ਫਾਈਨਲ ਘੋਲ ਮਦਰਾਸ ਵਿਚ ਹੋਇਆ। ਇਨ੍ਹਾਂ ਕੁਸ਼ਤੀਆਂ ਨੇ ਮੇਰਾ ਨਾਮ ਬਹੁਤ ਚਮਕਾਇਆ। ਮਦਰਾਸ ਦੀ ਫਾਈਨਲ ਕੁਸ਼ਤੀ ਸਮੇਂ ਲੋਕ ਸਵੇਰ ਤੋਂ ਹੀ ਟਿਕਟਾਂ ਲੈਣ ਲਈ ਕਤਾਰਾਂ ਬਣਾ ਕੇ ਖੜ੍ਹ ਗਏ। ਸਟੇਸ਼ਨ ਤੋਂ ਸਟੇਡੀਅਮ ਤੱਕ ਆਦਮ ਹੀ ਆਦਮ ਦਿਸਦਾ ਸੀ। ਮੇਰਾ ਨਾਂ ਸੁਣਦਿਆਂ ਹੀ ਲੋਕ ਕੁਸ਼ਤੀ ਦੇਖਣ ਲਈ ਟੁੱਟ ਪੈਂਦੇ ਸੀ।

? ਦੇਸੀ ਅਤੇ ਫਰੀ ਸਟਾਇਲ ਕੁਸ਼ਤੀ 'ਚ ਤੁਸੀਂ ਕਿਹੜੇ ਕਿਹੜੇ ਮਸ਼ਹੂਰ ਪਹਿਲਵਾਨਾਂ ਨੂੰ ਹਰਾਇਆ ?

— ਦੇਸੀ ਕੁਸ਼ਤੀ 'ਚ ਮੈਂ 20 ਸਾਲ ਦੀ ਉਮਰ 'ਚ ਧੰਨੂ ਸ਼ੰਕਰੀਏ ਨੂੰ ਹਰਾਇਆ ਬਹੁਤ ਖੁਸ਼ੀ ਹੋਈ ਸੀ ਮੈਨੂੰ। 21 ਸਾਲ ਦੀ ਉਮਰੇ ਮੈਂ ਮਥਰਾ ਦੇ ਧੋੜ ਚੌਬੇ ਨਾਲ ਬਰਾਬਰ ਰਿਹਾ। ਇਹ ਇੰਡੀਆ 'ਚ ਮੇਰੀ ਸਭ ਤੋਂ ਬੜੀ ਕੁਸ਼ਤੀ ਸੀ। ਫੇਰ ਦੁਲਾਰੀ ਚੌਬੇ, ਇਸਮਾਈਲ ਅੰਮ੍ਰਿਤਸਰੀਏ ਅਤੇ ਸਰਦਾਰੇ ਗੁੰਡੀਆਂ ਵਾਲੇ ਨੂੰ ਢਾਇਆ।



ਜਵਾਨੀ ਵੇਲੇ ਹਰਬੰਸ ਸਿੰਘ

ਫਰੀ ਸਟਾਈਲ 'ਚ ਮੈਂ ਮਾਈਕਲ ਗਿੱਲ, ਜ਼ਬੈਸਕੋ (ਦੂਜਾ) ਵਿਲਸਨ, ਕੁਰੈਂਚੇਕੋ, ਕਿੰਗ-ਕਾਂਗ ਵਰਗੇ ਨਾਮੀ ਭਲਵਾਨਾਂ ਨੂੰ ਢਾਇਆ।

? ਤੁਹਾਡੇ ਖਾਸ ਅਤੇ ਮਸ਼ਹੂਰ ਦਾਅ ਕਿਹੜੇ ਹਨ ?

— ਪਹਿਲਾਂ ਇੰਡੀਆ ਵਿੱਪ(ਭਾਰਤੀ ਚਾਬਕ) ਅਤੇ ਮਗਰੋਂ ਇੰਡੀਅਨ ਡੈਥਲਾਕ(ਮੌਤ ਦਾ ਜੰਦਰਾ) ਮੇਰੇ ਪ੍ਰਸਿੱਧ ਦਾਅ ਰਹੇ।

? ਆਖਰੀ ਕੁਸ਼ਤੀ ਕਦੋਂ, ਕਿਥੇ ਅਤੇ ਕਿਹਦੇ ਨਾਲ ਹੋਈ ?

— 1954 'ਚ ਲੁਧਿਆਣੇ ਵਿਚ ਕਿੰਗ-ਕਾਂਗ ਨਾਲ ਹੋਈ। ਇਸ ਵਾਰ ਮੈਂ ਕੁੱਟ ਕੁੱਟ ਕੇ ਉਸ ਤੋਂ ਹਾਰ ਮੰਨਵਾਈ।

? ਤੁਹਾਡੇ ਪ੍ਰਸਿੱਧ ਸ਼ਗਿਰਦ ਕਿਹੜੇ ਹਨ ?

— ਮੈਂ ਸ਼ਗਿਰਦ ਬਨਾਉਣ 'ਚ ਖਾਸ ਦਿਲਚਸਪੀ ਨਹੀਂ ਲਈ। ਮੇਰਾ ਉਸਤਾਦ ਅੱਲਾ ਬਖਸ਼ ਜਲੰਧਰੀ ਕਿਹਾ ਕਰਦਾ ਸੀ ਪਈ ਜਦ ਭਲਵਾਨ ਸ਼ਗਿਰਦ ਬਨਾਉਣ ਲਗ ਪਵੇ ਤਾਂ ਭਲਵਾਨ ਭਲਵਾਨ ਨਹੀਂ ਰਹਿੰਦਾ। ਪਰ ਫੇਰ ਵੀ ਦਾਰਾ ਸਿੰਘ, ਸੌਦਾਗਰ ਸਿੰਘ, ਮਿਹਰ ਸਿੰਘ, ਰਤਨ ਸਿੰਘ, ਬਖਸ਼ੀ ਸਿੰਘ ਮੈਨੂੰ ਉਸਤਾਦ ਵਾਂਗ ਹੀ ਮੰਨਦੇ ਆ। ਇਕ ਗੱਲ ਹੋਰ ਕਿ ਮੈਨੂੰ ਗੋਡੀਂ ਹੱਥ ਲੁਆਉਣਾ ਚੰਗਾ ਨਹੀਂ ਲਗਦਾ। ਮੈਂ ਬਹੁਤ ਚਿਰ ਨਵੇਂ ਭਲਵਾਨਾਂ ਨੂੰ ਇਸ ਤੋਂ ਰੋਕਦਾ ਰਿਹਾ। ਫੇਰ ਸੰਨੀ ਦੇ ਕੋਚ (ਸ੍ਰੀ ਪਿਆਰਾ ਰਾਮ ਸੌਂਧੀ ਉਰਫ ਦੌਲਾ) ਨੇ ਮੈਨੂੰ ਦੱਸਿਆ ਕਿ ਮੇਰੇ ਰੋਕਣ ਨਾਲ ਭਲਵਾਨ ਸਮਝਦੇ ਆ ਕਿ ਮੈਂ ਉਨ੍ਹਾਂ ਦਾ ਮਾਣ ਤੋੜਦਾ ਆਂ।

? ਫੇਰ ਦਾਰਾ ਸਿੰਘ ਨੂੰ ਤੁਹਾਡਾ ਸ਼ਗਿਰਦ ਕਿਉਂ ਸਮਝਿਆ ਜਾਂਦਾ ਹੈ ?

— ਇੰਡੀਮਾਨ ਡੈਥਲੌਕ (ਮੌਤ ਦਾ ਜੰਦਰਾ) ਮੇਰਾ ਬਹੁਤ ਮਸ਼ਹੂਰ ਦਾਅ ਰਿਹਾ ਹੈ। ਦਾਰਾ ਸਿੰਘ ਨੇ ਵੀ ਇਸ ਦਾਅ ਦੀ ਬਹੁਤ ਵਰਤੋਂ ਕੀਤੀ। ਇਸ ਸਾਂਝ ਕਰਕੇ ਹੀ ਲੋਕ ਦਾਰਾ ਸਿੰਘ ਨੂੰ ਮੇਰਾ ਸ਼ਾਗਿਰਦ ਕਹਿਣ ਲਗ ਪਏ।

? ਸਾਡੇ ਦੇਸ਼ 'ਚ ਆਮ ਖਿਆਲ ਹੈ ਕਿ ਭਲਵਾਨਾ ਨੂੰ ਔਰਤ ਤੋਂ ਦੂਰ ਰਹਿਣਾ ਚਾਹੀਦਾ ਹੈ ਜਾਂ ਇਹ ਕਿ ਵਿਆਹ ਮਗਰੋਂ ਭਲਵਾਨ ਦਾ ਪੱਧਰ ਹੇਠਾਂ ਡਿੱਗਣ ਲਗ ਪੈਂਦਾ ਹੈ, ਤੁਹਾਡਾ ਕੀ ਖਿਆਲ ਹੈ ?

— ਮੇਰੇ ਵਿਚਾਰ ਮੁਤਾਬਕ ਇਹ ਸਾਇੰਟਿਫਿਕ ਨਹੀਂ। ਯੂਰਪ ਵਿਚ ਕਿਸੇ ਵੀ ਸਵੀਟ ਹਾਰਟ (ਪ੍ਰੇਮਕਾ) ਜਾਂ ਗਰਲ ਫਰੈਂਡ ਦੀ ਸੰਗਤ ਜਜਬਾਤਾਂ ਨੂੰ ਸਾਵਾਂ ਰੱਖ ਸਕਦੀ ਹੈ। ਮਸ਼ਹੂਰ ਭਲਵਾਨ ਗੁੰਗੇ ਦਾ ਪਿਓ, ਆਪ ਗੁੰਗੇ ਨੂੰ ਗਾਉਣ ਆਲੀ ਕੋਲ ਭੇਜਦਾ ਸੀ। ਇਸ ਨਾਲ ਗੁੰਗੇ ਨੂੰ ਮਨ ਦੀ ਖੁਸ਼ੀ ਮਿਲਦੀ ਸੀ। ਗਾਮੇ ਦੇ ਭਰਾ ਇਮਾਮ ਬਖਸ਼ ਦੀ ਇਕ ਮਹਿਬੂਬ ਤੀਵੀਂ ਵੀ ਸੀ ਜੋ ਸ਼ੇਖੀ ਮਾਰ ਕੇ ਕਿਹਾ ਕਰਦੀ ਸੀ ਪਈ ਮੇਰਾ ਯਾਰ ਰੁਸਤਮੇ-ਹਿੰਦ ਆ। ਇਮਾਮ ਬਖਸ਼ ਇਨਸਾਨ ਦੇ ਨਾਤੇ ਬਹੁਤ ਵਧੀਆ ਇਨਸਾਨ ਸੀ।

? ਤੁਹਾਡੀ ਕਾਮਯਾਬੀ ਦਾ ਰਾਜ਼ ਕੀ ਰਿਹਾ ਹੈ ?

— ਕੋਰ ਜਾਂ ਮੋਰ। ਦਿਲ ਨਾ ਛੱਡੋ। ਮੇਰੇ ਉਸਤਾਦ ਨੇ ਵੀ ਕਿਹਾ ਸੀ ਪਈ ਯਾਦ ਰੱਖੋ: ਦਿਲ 'ਚ ਧਿਆਈ ਜਾਓ ਕਿ ਮੈਂ ਮਰਦਾ ਨਹੀਂ। ਮੈਂ ਨਹੀਂ ਹਰਨਾ। ਚਲਦੀ ਕੁਸ਼ਤੀ ਸਮੇਂ ਵੀ ਜੇ ਤੁਹਾਨੂੰ ਲੱਗੇ ਕਿ ਅਗਲਾ ਭਾਰੂ ਹੋ ਰਿਹੈ ਅਤੇ ਹੁਣ ਥੁਆਨੂੰ ਬੁਰੀ ਤਰ੍ਹਾਂ ਮਾਰੂਗਾ, ਫੇਰ ਵੀ ਅੰਦਰਲੀ ਤਾਕਤ 'ਕੱਠੀ ਕਰਕੇ ਅਗਲੇ ਦੇ ਗਲ ਪੈ ਜਾਓ। ਮੈਂ ਕਈ ਖਾਸ ਕੁਸ਼ਤੀਆਂ ਇਸ ਗੁਰ ਦੇ ਨਾਲ ਹੀ ਜਿੱਤੀਆਂ। ਆਸਟਰੇਲੀਆ ਦੇ ਹੈਵੀ ਵੇਟ ਬਾਕਸਿੰਗ ਚੈਂਪੀਅਨ ਨੇ ਇਕ ਵਾਰ ਆਪਣੇ ਆਟੋਗਰਾਫ ਦਿੰਦੇ ਹੋਏ ਲਿਖਿਆ ਸੀ, "Things are not as bad as they appear not they can not be worst" (ਹਾਲਾਤ ਉਨੇ ਭੈੜੇ ਨਹੀਂ ਹੁੰਦੇ ਜਿੰਨੇ ਭੈੜੇ ਲਗਦੇ ਹੁੰਦੇ ਹਨ। ਅਤਿਅੰਦ ਭੈੜੇ ਤਾਂ ਇਹ ਹੋ ਹੀ ਨਹੀਂ ਸਕਦੇ)।

(ਬਾਕੀ ਪੰਨਾ 17 ਉਤੇ)


# ਕਰਤਾਰ ਫੋਟੋ ਸਟੂਡੀਓ

**1 HOUR PHOTO SERVICE**
**KARTAR PHOTO STUDIO**
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings
Off; 872-6060
Res: 324-2016



# Lo-Cost Aluminum Railing (1985) Ltd.

Specialists in Commercial & Residential
Railings & Awning Frames
**Sajiv Paul**
Manager
Ph. 276-2840 or 872-7227
Unit K - 2420 SHELL RD.
RICHMOND, B.C.

# KAHLON IMPORT AUTO SERVICE
## I.C.B.C. CLAIMS ACCEPTED

11965-95th Ave. & Scott Road, Delta. Ph.:585-1242

**COMPLETE AUTOMOTIVE REPAIRS**






Special
Free oil change with
every TUNE-UP

MUBARAK KAHLON
ਮੁਬਾਰਕ ਕਾਹਲੋਂ

Japanese — British — European

Licensed Mechanic
* Engine Rebuilding
* Cylinder Heads
* Tune Ups * Brakes
* Carburators & Clutch overhalls
* Automatic Transmissions

Free Estimates — Low Prices — All work guaranteed
Come and see us, we are here




ਹਰ ਕਿਸਮ ਦਾ ਮਕੈਨੀਕਲ
ਕੰਮ ਤਸੱਲੀ ਬਖਸ਼ ਕੀਤਾ ਜਾਂਦਾ ਹੈ

ਕਾਹਲੋਂ ਇੰਮਪੋਰਟ ਔਟੋ ਸਰਵਿਸ
PH.:585-1242

ਪੰਨਾ 16 ਦੀ ਬਾਕੀ

? ਨਵੇਂ ਭਲਵਾਨਾ ਨੂੰ ਤੁਹਾਡਾ ਸੁਨੇਹਾ ?

— ਇਹੀ ਕਿ ਮੈਂ ਮਰਨਾ ਨਹੀਂ, ਹਰਨਾ ਨਹੀਂ।

? ਤੁਹਾਨੂੰ ਲਿਟਰੇਚਰ(ਸਾਹਿਤ) ਪੜ੍ਹਨ ਦਾ ਸ਼ੌਂਕ ਕਦੋਂ ਪਿਆ। ?

— 20-22 ਸਾਲ ਦੀ ਉਮਰੇ, ਜਦ ਮੈਂ ਨਿਊਜ਼ੀਲੈਂਡ 'ਚ ਸਾਂ।

? ਨਿਊਜ਼ੀਲੈਂਡ ਤੇ ਆਸਟਰੇਲੀਆ ਵਰਗੇ ਵਿਕਸਤ ਦੇਸ਼ਾਂ 'ਚ ਰਹਿਣ ਕਾਰਨ ਤੁਸੀਂ ਚੰਗੀਆਂ ਫਿਲਮਾਂ ਵੀ ਦੇਖਦੇ ਸੀ ਕਿ ਨਹੀਂ ?

— ਮੈਨੂੰ ਚਾਰਲੀ ਚੈਂਪਲਿਨ ਦੀਆਂ ਫਿਲਮਾਂ ਪਸੰਦ ਸਨ। ਲਾਰਿਲ ਐਂਡ ਹਾਰਡੀ ਦੀਆਂ ਫਿਲਮਾਂ ਵੀ ਦੇਖੀਆਂ। ਵਿਲ ਰੌਜ਼ਰਜ ਦੀਆਂ ਫਿਲਮਾਂ ਮੈਨੂੰ ਬਹੁਤ ਪਸੰਦ ਸਨ। ਉਹ ਸਟੇਜ ਤੋਂ ਪਰੇ ਆਪ ਜ਼ਿੰਦਗੀ 'ਚ ਬਹੁਤ ਹਿਊਮੈਨਿਸਟ (ਮਾਨਵਵਾਦੀ) ਸੀ। ਬੌਕਸਿੰਗ ਦਾ ਐਕਸ ਸੰਸਾਰ ਚੈਂਪੀਅਨ ਵਿਕਟਰ ਮੈਕਲੈਂਗਲਿਨ ਵੀ ਇਕ ਵਧੀਆ ਐਕਟਰ ਸੀ, ਉਸ ਦੀਆਂ ਫਿਲਮਾਂ ਵੀ ਮੈਂ ਦੇਖਦਾ ਹੁੰਦਾ ਸੀ।

? ਤੁਸੀਂ ਕਿਹੜੇ ਕਿਹੜੇ ਦੇਸੀ ਤੇ ਵਿਦੇਸ਼ੀ ਲੇਖਕ ਪੜ੍ਹੇ ਹਨ ?

— ਫਾਰਨ (ਵਿਦੇਸ਼ੀ) ਰਾਈਟਰਜ਼ (ਲੇਖਕਾਂ) ਵਿਚੋਂ ਟਾਲਸਟਾਏ, ਗੋਰਕੀ, ਬਰਟੰਡ ਰੱਸਲ, ਬਰਨਾਰਡ ਸ਼ਾਅ, ਰੂਸੋ, ਵਾਲਟੇਅਰ, ਬੈਂਜਾਮਿਨ ਫਰੈਂਕਲਿਨ, ਲਿੰਕਨ, ਸੈਮੂਅਲ ਬੇਕਰ। ਮਾਓ, ਲੈਨਿਨ, ਸਟਾਲਿਨ ਦੀਆਂ ਵੀ ਬਹੁਤ ਲਿਖਤਾਂ ਪੜ੍ਹੀਆਂ। ਮੇਰੇ ਖਿਆਲ 'ਚ ਲੈਨਿਨ ਅਤੇ ਚਾਉ-ਇਨ ਲਾਈ ਬਹੁਤ Compassionate (ਜਜ਼ਬਾਤ ਭਰਪੂਰ) ਸਨ। ਮਾਓ ਅਤੇ ਸਟਾਲਿਨ ਜ਼ਿਆਦਾ Actualist (ਵਿਹਾਰਵਾਦੀ) ਸਨ। ਪਰ ਫੇਰ ਵੀ ਬਰਨਾਰਡ ਸ਼ਾਅ ਮੈਨੂੰ ਸਭ ਤੋਂ ਵੱਧ ਚੰਗਾ ਲਗਦਾ।

? ਦੇਸੀ ਲੇਖਕਾਂ 'ਚੋਂ ਕੌਣ ਪੜ੍ਹਿਆ ?

— ਨਿਰਾਦ ਚੌਧਰੀ ਪੜ੍ਹਿਆ। ਟੈਗੋਰ ਦੀਆਂ ਕਰੀਬ ਸਾਰੀਆਂ ਲਿਖਤਾਂ ਪੜ੍ਹੀਆਂ। ਗਾਂਧੀ ਵੀ ਬਹੁਤ ਪੜ੍ਹਿਆ। ਨਹਿਰੂ ਦੀਆਂ ਵੀ ਕਈ ਕਿਤਾਬਾਂ ਪੜ੍ਹੀਆਂ।

? ਕਿਸ ਦਾ ਬਹੁਤ ਪ੍ਰਭਾਵ ਪਿਆ ?

— ਪਹਿਲਾਂ ਗਾਂਧੀ ਦੀ ਪ੍ਰਭਾਵ ਬਹੁਤਾ ਸੀ। ਪਰ ਮਗਰੋਂ ਗਾਂਧੀ ਚੰਗਾ ਲਗਣੋਂ ਹਟ ਗਿਆ।

? ਆਮ ਕਰਕੇ ਸਾਡੇ ਭਲਵਾਨ ਜਾਂ ਖਿਡਾਰੀ ਥੋੜ੍ਹੀ ਜਿਹੀ ਪ੍ਰਸਿੱਧੀ ਮਗਰੋਂ ਵਾਹਵਾ ਵਾਹਵਾ ਦਾ ਸ਼ਿਕਾਰ ਹੋ ਜਾਂਦੇ ਨੇ। ਕਈ ਤਾਂ ਭੈੜੇ ਪਾਸੇ ਵੀ ਲਗ ਜਾਂਦੇ ਹਨ। ਇਸ ਪਾਸਿਓਂ ਕਿਵੇਂ ਬਚਿਆ/ਬਚਾਇਆ ਜਾ ਸਕਦਾ ਹੈ ?

— ਫੋਕੀ ਵਡਿਆਈ 'ਚ ਪੈਣਾ ਨੀਵੀਂ ਆਤਮਾ ਦੀ ਨਿਸ਼ਾਨੀ ਆ। ਇਸ ਤੋਂ ਬਚਣ ਲਈ ਭਲਵਾਨਾਂ ਦੀ ਬੁੱਧੀ ਨੂੰ ਠੀਕ ਪਾਸੇ ਲੌਣਾ ਚਾਹੀਦੇ।

? ਆਮ ਕਰਕੇ ਭਲਵਾਨਾਂ ਜਾਂ ਖਿਡਾਰੀਆਂ ਨੂੰ ਸਾਹਿਤ, ਕਲਾ ਵਗੈਰਾ 'ਚ ਰੁਚੀ ਨਹੀਂ ਹੁੰਦੀ ਜਾਂ ਉਹ ਅਜਿਹੀ ਰੁਚੀ ਨੂੰ ਵਿਹਲਾ-ਸ਼ੌਂਕ ਸਮਝਦੇ ਹਨ। ਪਰ ਤੁਸੀਂ ਕਾਫੀ ਸਟੱਡੀ ਕੀਤੀ ਹੈ। ਇਸ ਬੌਧਿਕ ਪ੍ਰਾਪਤੀ ਨੇ ਤੁਹਾਡੇ ਭਲਵਾਨੀ ਜੀਵਨ ਉਪਰ ਕੀ ਅਸਰ ਪਾਇਆ ?

— ਇਸ ਨੇ ਮੈਨੂੰ ਅਡੋਲ, ਸਾਵਾਂ, ਇਮਾਨਦਾਰ, ਆਸਵਾਨ ਰਹਿਣਾ ਸਿਖਾਇਆ।



ਦੂਜੀ ਪੀੜ੍ਹੀ : ਕਸ਼ਮੀਰ ਸਿੰਘ

? ਜਦ ਕਦੀ ਤੁਸੀਂ ਵਿਦੇਸ਼ਾਂ 'ਚ ਦਾਅਵਤਾਂ/ਮਹਿਫਲਾਂ 'ਚ ਜਾਂਦੇ ਹੋਵੋਗੇ ਤਾਂ ਭਲਵਾਨ ਹੋਣ ਦੇ ਬਾਵਜੂਦ ਵੀ ਸਾਹਿਤ ਤੇ ਫਿਲਾਸਫੀ ਬਾਰੇ ਚਰਚਾ ਕਰਦੇ ਹੋਵੋਗੇ। ਹਾਜ਼ਰ ਲੋਕਾਂ ਉਪਰ ਕੀ ਪ੍ਰਭਾਵ ਪੈਂਦਾ ਸੀ ?

— ਉਹ ਲੋਕ ਬਹੁਤ ਪ੍ਰਭਾਵਤ ਹੁੰਦੇ ਸੀ। ਸੰਘਾਈ ਤੋਂ ਛਪਦੇ ਅਖਬਾਰ "ਈਵਨਿੰਗ ਪੋਸਟ" ਨੇ ਮੈਨੂੰ "ਫਿਲਾਸਫਰ ਰੈਸਲਰ" ਦਾ ਨਾਂ ਦਿੱਤਾ ਸੀ।

? ਜਦ ਤੁਸੀਂ ਭਲਵਾਨੀ 'ਚ ਜਿੱਤਾਂ ਜਿੱਤ ਰਹੇ ਸੀ ਤਾਂ ਉਨ੍ਹੀਂ ਦਿਨੀਂ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਦੀ ਲੜਾਈ ਵੀ ਚਾਲੂ ਸੀ। ਜਦ ਤੁਸੀਂ ਗੋਰੇ ਭਲਵਾਨਾਂ ਨੂੰ ਹਰਾਉਂਦੇ ਸੀ ਤਾਂ ਕੀ ਤੁਹਾਨੂੰ ਲਗਦਾ ਸੀ ਕਿ ਤੁਸੀਂ ਵੀ ਕੌਮੀ ਮਾਣ-ਇਜ਼ਤ ਵਧਾ ਰਹੇ ਹੋ ਅਤੇ ਆਜ਼ਾਦੀ ਦੀ ਲੜਾਈ 'ਚ ਸਹਾਇਤਾ ਕਰ ਰਹੇ ਹੋ ?

— ਹਾਂ ਮੈਂ ਇਉਂ ਵੀ ਸੋਚਦਾ ਸੀ। ਉਦੋਂ ਜਦ ਕਿਤੇ ਵੀ ਮੈਨੂੰ ਬੋਲਣ ਦਾ ਮੌਕਾ ਮਿਲਦਾ ਸੀ ਤਾਂ ਮੈਂ ਆਜ਼ਾਦੀ ਦੇ ਪੱਖ 'ਚ ਬੋਲਦਾ ਸਾਂ। ਆਸਟਰੇਲੀਆ ਦੇ ਪਹਿਲਵਾਨਾਂ ਦੀ ਜਥੇਬੰਦੀ ਨੇ ਇਕ ਬਹਿਸ 'ਚ ਮੈਨੂੰ ਬੁਲਾਇਆ। ਸਿਡਨੀ ਰੇਡੀਓ ਤੋਂ ਬੋਲਦੇ ਸਮੇਂ ਮੈਂ ਵੀ ਦੇਸ਼ ਲਈ ਹੋਮ ਰੂਲ ਦੀ ਮੰਗ ਕੀਤੀ ਸੀ।

1935 'ਚ ਇੰਡੀਅਨ ਹਾਕੀ ਟੀਮ ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਟੂਰ ਤੇ ਗਈ ਸੀ। ਉਥੇ ਮੈਨੂੰ ਹਾਕੀ ਵਾਲਾ ਧਿਆਨ ਚੰਦ ਮਿਲ ਗਿਆ। ਉਸ ਨੂੰ ਮੈਨੂੰ ਕੁਸ਼ਤੀ ਤੋਂ ਪਹਿਲਾਂ ਪੁੱਛਿਆ, "ਕੈਸੇ ਰਹੋਗੇ?" ਮੈਂ ਜਵਾਬ ਦਿੱਤਾ, "ਦੇਖਾਂਗੇ, ਕਿੱਦਾਂ ਰਹਿੰਦੀ ਐ।" ਧਿਆਨ ਚੰਦ ਨੇ ਕਿਹਾ, "ਹਮ ਤੋਂ ਸਾਲੋਂ ਕੋ ਪੀਟਤੇ ਹੈਂ।" ਮਗਰੋਂ ਮੈਂ ਇਕ ਕੁਸ਼ਤੀ ਜਿੱਤ ਕੇ ਲਾਹੌਰ ਗਿਆ ਅਤੇ ਖਟਕੜ ਕਲਾਂ ਵਾਲੇ ਚੌਧਰੀ ਹਰਕਿਸ਼ਨ ਸਿੰਘ ਨੂੰ ਮਿਲਿਆ। ਮੈਂ ਬੜੇ ਮਾਣ ਨਾਲ ਉਸ ਨੂੰ ਦੱਸਿਆ ਕਿ "ਮੈਂ ਵੀ ਇੰਡੀਆ ਦਾ ਨਾਂ ਉਚਾ ਕਰਕੇ ਆਇਆਂ।"



ਤੀਜੀ ਪੀੜ੍ਹੀ : ਸੰਨੀ ਗਿੱਲ

? ਕੁਸ਼ਤੀ ਦੇ ਵਿਕਾਸ ਲਈ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਦੇ ਯਤਨਾਂ ਬਾਰੇ ?

— ਇਹ ਤਸੱਲੀਬਖਸ਼ ਨਹੀਂ। ਗੁਰੂ ਹਨੂੰਮਾਨ ਚਾਂਦ ਰਾਮ ਵਰਗੇ ਲੋਕ ਵਫਾਦਾਰ ਹਨ ਜੋ ਦਿਲੋਂ-ਮਨੋਂ ਕੁਸ਼ਤੀ ਦੀ ਤਰੱਕੀ ਚਾਹੁੰਦੇ ਹਨ।

? ਤੁਹਾਡੇ ਪੋਤਰੇ ਸੰਨੀ ਗਿੱਲ ਦੇ ਵਿਕਾਸ ਲਈ ਜਿਹੜੀ ਵਿਉਂਤਬੰਦੀ ਅਤੇ ਸਟਰੈਟਿਜੀ ਘੜੀ ਗਈ ਹੈ, ਕੀ ਤੁਸੀਂ ਉਸ ਨਾਲ ਸੰਤੁਸ਼ਟ ਹੋ ?

— ਕਸ਼ਮੀਰ ਸਹੁੰ ਇਸ ਨੂੰ ਠੀਕ ਤਰ੍ਹਾਂ ਨਿਭਾ ਰਿਹਾ ਆ। ਉਮਰ ਦੇ ਮੁਤਾਬਕ ਸੰਨੀ ਦੇ ਰਿਜ਼ਲਟ ਵੀ ਤਸੱਲੀਬਖਸ਼ ਹਨ।

? ਜੇ ਕਸ਼ਮੀਰ ਸਿੰਘ ਅਤੇ ਸੰਨੀ ਹੋਰੀਂ ਭਲਵਾਨੀ ਨਾ ਕਰਦੇ ਤਾਂ ਤੁਹਾਨੂੰ ਕਿਵੇਂ ਮਹਿਸੂਸ ਹੁੰਦਾ ?

(ਬਾਕੀ ਪੰਨਾ 18 ਤੇ)


FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU

Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Ph. Off. 430-0455
Ph. Res. 433-1684

Suite 1206,
4330 Kingsway,
Burnaby, B.C.

SunLife OF CANADA

Get your life in shape.

BUYING & SELLING
Farms, Home, Lots and Apartments
Contact:
Dilbag Singh Johal
ਦਿਲਬਾਗ ਸਿੰਘ ਜੌਹਲ
Ph. Off. (604)438-8161
Res. 325-0588



ਕਿਸੇ ਪ੍ਰਕਾਰ ਦੀ ਜਾਇਦਾਦ ਖ਼੍ਰੀਦਣ ਲਈ ਮਿਤਰਤਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ

Canada Trust Realtor
The Canada Trust Company
2629 Kingsway, Vancouver, B.C. V5R 5H4

# ਸ੍ਰੀ ਦਿਆਲ ਝੰਗਿਆਣੀ ਸਵਰਗਵਾਸ

'ਸਨ ਲਾਈਫ' ਵਿਚ ਕੰਮ ਕਰਦੇ ਸ੍ਰੀ ਦਿਆਲ ਝੰਗਿਆਣੀ ਕੈਂਸਰ ਦੀ ਨਾਮੁਰਾਦ ਬੀਮਾਰੀ ਕਾਰਨ ਸਵਰਗਵਾਸ ਹੋ ਗਏ ਹਨ। ਆਪ ਦੀ ਉਮਰ ਇਸ ਸਮੇਂ 62 ਸਾਲ ਸੀ। ਸ੍ਰੀ ਝੰਗਿਆਣੀ ਕਮਿਊਨਿਟੀ ਦੇ ਜਾਣੇ ਪਛਾਣੇ ਵਿਅਕਤੀ ਸਨ। ਆਪ ਨੇ ਕਮਿਊਨਿਟੀ ਦੀ ਸੇਵਾ ਲਗਪਗ ਤੀਹ ਸਾਲ ਕੀਤੀ।

'ਕੈਨੇਡਾ ਦਰਪਣ' ਸ੍ਰੀ ਝੰਗਿਆਣੀ ਦੇ ਪ੍ਰਵਾਰ ਨਾਲ ਇਸ ਦੁੱਖ ਵਿਚ ਸ਼ਾਮਲ ਹੈ।

ਪੰਨਾ 17 ਦੀ ਬਾਕੀ

— ਤੁਸੀਂ ਆਪ ਈ ਸੋਚ ਲਓ। ਹੁਣ ਮੈਨੂੰ ਬਹੁਤ ਈ ਚਾਅ ਐ। ਆਈ ਵਿਸ਼ ਹਿਮ ਟੂ ਬੀ ਵਰਡ ਚੈਂਪੀਅਨ (ਮੇਰੀ ਦੁਆ ਹੈ ਕਿ ਸੰਨੀ ਸੰਸਾਰ ਚੈਂਪੀਅਨ ਬਣੇ।)

? ਕੀ ਤੁਸੀਂ ਸੰਨੀ ਦੇ ਬੌਧਿਕ ਮੁਹਾਂਦਰੇ (Intellectual Complexion) ਤੇ ਸੰਤੁਸ਼ਟੀ ਹੈ ?

— ਹਾਂ। ਸਗੋਂ ਉਹ ਤਾਂ ਸਾਥੋਂ ਵੀ ਅੱਗੇ ਨਿਕਲ ਰਿਹਾ। ਬਹੁਤ ਧੀਰਜਵਾਨ ਆ। ਵਧੀਆ ਰੀਡਰ(ਪਾਠਕ) ਆ। ਨੈਪੋਲੀਅਨ, ਲਿੰਕਨ, ਜੂਲੀਅਸ ਸੀਜ਼ਰ ਆਦਿ ਪੜ੍ਹ ਚੁੱਕੇ।

? ਕਦੇ ਆਰਥਿਕ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਿਆ ?

— ਹਾਂ। ਦੂਸਰੀ ਸੰਸਾਰ ਜੰਗ ਕਾਰਨ, ਕੁਸ਼ਤੀਆਂ ਦੀ ਆਮਦਨ ਘਟ ਗਈ। ਖਰਚ ਪਹਿਲਾਂ ਵਾਂਗ ਹੀ ਰਹੇ। ਨੌਬਤ ਇਥੋਂ ਤੱਕ ਆ ਗਈ ਕਿ ਮੈਨੂੰ ਆਪਣੇ ਸੋਨੇ ਚਾਂਦੀ ਦੇ ਮੈਡਲ, ਚਾਂਦੀ ਦੇ ਭਾਰੇ ਭਾਰੇ ਗੁਰਜ ਅਤੇ ਸਟੈਚੂ ਵੀ ਵੇਚਣ ਪਏ। ਮਗਰੋਂ ਵੀ ਤੰਗੀ ਰਹੀ। ਮੱਝਾਂ ਦਾ ਦੁੱਧ ਪਾਉਣਾ ਸ਼ੁਰੂ ਕੀਤਾ ਪਰ ਪਾਣੀ ਕਦੇ ਨਹੀਂ ਪਾਇਆ। 20-22 ਸਾਲ ਤਕ ਕਦੇ ਕਦੇ ਕੱਪ ਵੀ ਮਾਰ ਲੈਂਦਾ ਸਾਂ, ਪਰ ਮਗਰੋਂ ਕਦੇ ਝੂਠ ਨਹੀਂ ਬੋਲਿਆ।

? ਕਿਹੜੇ ਕਿਹੜੇ ਭਲਵਾਨ ਚੰਗੇ ਲਗਦੇ ਹਨ ?

— ਦਾਰਾ ਸਿੰਘ ਇਨਸਾਨੀ ਨਾਤੇ ਬਹੁਤ ਨੇਕ ਐ। ਧੀਰਜ ਵਾਲਾ ਆ। ਬੀਸੇ ਭਲਵਾਨ ਦਾ ਪਿਤਾ ਠਾਕਰ ਸਿੰਘ ਮਾੜੀ ਮੇਘਾ (ਅੰਮ੍ਰਿਤਸਰ) ਨਾਲ ਬਹੁਤ ਚੰਗੇ ਸਬੰਧ ਹਨ। ਕਰਤਾਰ ਸਿੰਘ ਵੀ ਬਹੁਤ ਮਿਹਨਤੀ ਅਤੇ ਸਾਊ ਐ।

? ਹੁਣ 74 ਸਾਲ ਦੀ ਉਮਰ ਵਿਚ ਕਿਵੇਂ ਮਹਿਸੂਸ ਕਰਦੇ ਹੋ ?

— ਹਮੇਸ਼ਾਂ ਹਰਕਤ 'ਚ ਰਹਿ ਕੇ ਲਾਭਕਾਰੀ ਬਣਿਆਂ ਰਹਿਣਾ ਚਾਹੁੰਦਾ ਹਾਂ (ਆਈ ਵਾਂਟ ਟੂ ਬੀ ਐਵਰ ਯੂਜ਼ਫੁੱਲ)। ਹੁਣ ਵੀ ਸਵੇਰ ਸਾਰ 6-7 ਮੱਝਾਂ ਦੀਆਂ ਧਾਰਾਂ ਕੱਢਦਾ ਹਾਂ।

# Letter to The Editor

The Editor
Canada Darpan

Dear Sir,

The decision of Ontario Supreme Court regarding Lord's Prayer in Schools is a big blow to Canada's Multicultural policies. This clearly demonstrates, regardless of pronounced policies, that Canada's Anglo-Saxon religion and culture are preferred and Canada still remains a white man's country.

However, the problems of religion and cultural conflicts are milder here compare with the problems of Middle East, Ireland, Sri Lanka, India, South Africa and several other war-torn countries: The interpretations by fanatics have changed religion into an evil force.

Tolerance, acclaimed by all religions as a core virtue, has dimnished in modern era. Sub jugation by dominant cultures appears to be the norm of the day. As a result, minority groups who lose their identity are lost.

Have we progressed at all? I think we still live in primitive days.

Yours sincerely,
Charan Gill, President
B.C.O.F.R.

# ਉਹ ਡੰਡੇ ਨਾਲ ਮਨਾਉਂਦੇ ਨੇ ਨੇ ....

ਪਟਿਆਲਾ — ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਉਨ੍ਹਾਂ ਸਿੱਖ ਨੌਜਵਾਨਾਂ ਨੂੰ ਭਾਰੀ ਤਸੀਹੇ ਦਿਤੇ ਜਾਂਦੇ ਹਨ ਜਿਹੜੇ ਭਾਰਤ ਵਿਚ ਜਾ ਕੇ ਦਹਿਸ਼ਤਪਸੰਦਾਨਾ ਕਾਰਵਾਈਆਂ ਕਰਨ ਲਈ ਤਿਆਰ ਨਹੀਂ ਹੁੰਦੇ। ਫੈਸਲਾਬਾਦ ਜੇਲ੍ਹ ਵਿਚ ਘੱਟੋ ਘੱਟ ਡੇਢ ਦਰਜਨ ਅਜਿਹੇ ਸਿੱਖ ਯੁਵਕ ਹਨ ਜਿਨ੍ਹਾਂ ਨੇ ਆਪਣੇ ਘਰੋ-ਘਰੀਂ ਪਰਤਣ ਦਾ ਯਤਨ ਕੀਤਾ ਜਾਂ ਅਜਿਹਾ ਇਰਾਦਾ ਪ੍ਰਗਟਾਇਆ ਅਤੇ ਇਸ ਬਦਲੇ ਪਾਕਿਸਤਾਨੀ ਜੇਲ੍ਹ ਅਧਿਕਾਰੀਆਂ ਤੋਂ ਹੱਡੀਆਂ-ਪਸਲੀਆਂ ਭੰਨਵਾ ਲਈਆਂ। ਜ਼ਿਲਾ ਪੁਲਸ ਮੁਖੀ ਗੁਰਇਕਬਾਲ ਸਿੰਘ ਭੁੱਲਰ ਨੇ ਇਥੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਇੰਕਸ਼ਾਫ ਦੋ ਕੱਟੜ ਦਹਿਸ਼ਤਪਸੰਦਾਂ ਨੇ ਕੀਤਾ ਜਿਹੜੇ 14 ਮਹੀਨੇ ਫੈਸਲਾਬਾਦ ਜੇਲ੍ਹ ਵਿਚ ਰਹੇ। ਇਹ ਦੋਵੇਂ ਦਹਿਸ਼ਤਪਸੰਦ - ਗੁਰਮੋਹਣ ਸਿੰਘ ਉਰਫ ਪਰਮਜੀਤ ਸਿੰਘ ਤੇ ਰਵਿੰਦਰ ਸਿੰਘ — ਪਟਿਆਲਾ ਪੁਲੀਸ ਵਲੋਂ ਗ੍ਰਿਫਤਾਰ ਕੀਤੇ ਛੇ ਸ਼ੱਕੀ ਅਤਿਵਾਦੀਆਂ ਵਿਚ ਸ਼ਾਮਲ ਹਨ। ਗੁਰਮੋਹਣ ਸਿੰਘ ਇਸ ਜ਼ਿਲੇ ਦੇ ਪਿੰਡ ਮੰਡੋਲੀ ਅਤੇ ਰਵਿੰਦਰ ਸਿੰਘ ਤਰਨਤਾਰਨ ਦਾ ਰਹਿਣ ਵਾਲਾ ਹੈ।

ਸ੍ਰੀ ਭੁੱਲਰ ਨੇ ਦੱਸਿਆ ਕਿ ਮੋਹਣ ਸਿੰਘ 15-20 ਦਿਨ ਫੈਸਲਾਬਾਦ ਜੇਲ੍ਹ ਵਿਚਲੇ ਕੈਂਪ ਤੋਂ ਸਿਖਲਾਈ ਹਾਸਲ ਕਰਕੇ ਆਪਣੇ ਇਕ ਸਾਥੀ ਰਵਿੰਦਰ ਸਿੰਘ ਨਾਲ ਪਾਕਿਸਤਾਨ ਤੋਂ ਭਾਰਤ ਵਿਚ ਦਾਖਲ ਹੋਇਆ। ਦੋਵੇਂ ਕੁਝ ਦਿਨ ਅੰਮ੍ਰਿਤਸਰ ਰਹੇ ਜਿਥੋਂ ਹਥਿਆਰ ਹਾਸਲ ਕਰਨ ਪਿਛੋਂ ਪਟਿਆਲਾ ਵਿਚ ਵਾਰਦਾਤਾਂ ਕਰਨ ਲਈ ਆਏ। ਪੁਲੀਸ ਨੂੰ ਦੋਹਾਂ ਬਾਰੇ ਸੂਚਨਾ ਮਿਲ ਗਈ ਜਿਸ ਦੇ ਆਧਾਰ 'ਤੇ ਦੋਹਾਂ ਨੂੰ ਸਰਹਿੰਦ ਨੇੜੇ ਚਲੈਲਾ ਤੋਂ ਗ੍ਰਿਫਤਾਰ ਕਰ ਲਿਆ ਗਿਆ।

ਗੁਰਮੋਹਣ ਸਿੰਘ ਨੇ ਪੁਲੀਸ ਨੂੰ ਇਹ ਵੀ ਦਸਿਆ ਕਿ ਜਿਨ੍ਹਾਂ ਲੋਕਾਂ ਨੇ ਭਾਰਤ ਵਿਚ ਦਹਿਸ਼ਤਪਸੰਦਾਨਾ ਕਾਰਵਾਈਆਂ ਕਰਨ ਤੋਂ ਨਾਂਹ ਕਰ ਦਿੱਤੀ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁਟਣ ਮਾਰਨ ਪਿਛੋਂ ਹਾਲ ਹੀ ਵਿਚ ਕੌਮਾਂਤਰੀ ਸਰਹੱਦ ਤੋਂ ਭਾਰਤ ਵਿਚ ਠੇਲ੍ਹ ਦਿਤਾ ਗਿਆ। ਪਰ ਨਾਲ ਹੀ ਉਸ ਨੇ ਮੰਨਿਆ ਕਿ ਅਜਿਹੇ ਵਿਅਕਤੀਆਂ ਦੇ ਭੇਸ ਵਿਚ ਕੁਝ ਕੱਟੜ ਦਹਿਸ਼ਤਪਸੰਦ ਵੀ ਸ਼ਾਮਲ ਹੋ ਸਕਦੇ ਹਨ।

# ਕਥਿਤ ਅੱਤਿਵਾਦੀ ਦਾ ਪੁਲੀਸ ਰਿਮਾਂਡ

ਸੁਨਾਮ, (ਪੱਤਰ ਪ੍ਰੇਰਕ) -ਪਾਕਿਸਤਾਨ ਵਿਚ ਕਥਿਤ ਤੌਰ 'ਤੇ ਸਿਖਲਾਈ ਪ੍ਰਾਪਤ ਅਤਿਵਾਦੀ ਬੇਅੰਤ ਸਿੰਘ ਦਾ ਸਥਾਨਕ

ਚੀਫ ਜੁਡੀਸ਼ਲ ਮੈਜਿਸਟਰੇਟ ਸ੍ਰੀ ਡੀ. ਐਸ. ਢੀਨਾ ਨੇ ਪੁਲੀਸ ਰਿਮਾਂਡ ਦੇ ਦਿੱਤਾ। ਕਥਿਤ ਦੋਸ਼ੀ ਵਲੋਂ ਸ੍ਰੀ ਨਿਰਪਾਲ ਸਿੰਘ ਧਾਲੀਵਾਲ ਐਡਵੋਕੇਟ ਨੇ ਪੇਸ਼ ਹੁੰਦਿਆਂ ਦਲੀਲ ਦਿੱਤੀ ਕਿ ਮੁਲਜ਼ਮ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਰਿਹਾ ਹੈ ਤੇ ਪੁਲੀਸ ਰਿਮਾਂਡ ਸਮੇਂ ਉਸ ਨੂੰ ਤਸੀਹੇ ਦਿੱਤੇ ਜਾਂਦੇ ਹਨ।


NORTH AMERICAN LIFE
ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- RRSP

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167






FOR THE SOUTH ASIAN COMMUNITY

Sabrung شہر میں اپنی نوعیت کا واحد

SOUTHERN TELEVISION SHOW
GOOD NEWS FOR
THE SOUTH EAST ASIAN COMMUNITIES
LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

KEEP LISTENING TO SABRUNG RADIO & TELEVISION PROGRAM

TELEVISION (415) 928-1650 | SATURDAYS 6:00 p.m. | CHANNEL 25 CABLE KUSF 90.3 FM

RADIO PROGRAM
SUNDAYS
10-12 NOON
KUSF
90.3 FM

# ਟੱਕਰ ਹੁਣ ਬਾਗੀ ਤੇ ਦਾਗੀ ਦਲ 'ਚ — ਟੌਹੜਾ

ਜਲੰਧਰ — ਅਕਾਲੀ ਦਲ(ਬਾਦਲ) ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਉਹ ਨਜ਼ਰਬੰਦ ਸਿੱਖ ਯੁਵਕਾਂ ਦੀ ਰਿਹਾਈ ਲਈ ਵਿਆਪਕ ਮੁਹਿੰਮ ਸ਼ੁਰੂ ਕਰਨਗੇ ਅਤੇ ਪੰਜਾਬ ਤੋਂ ਬਾਹਰ ਜੇਲ੍ਹਾਂ 'ਚ ਬੰਦ ਸਿੱਖ ਯੁਵਕਾਂ ਨੂੰ ਮਿਲਣ ਲਈ ਦੌਰਾ ਸ਼ੁਰੂ ਕਰਨਗੇ। ਉਹ ਫਿਲੌਰ ਦੇ ਨਜ਼ਦੀਕ ਮਾਨ ਸਾਹਿਬ ਨਾਂ ਦੇ ਇਕ ਪਿੰਡ ਵਿਚ ਬਾਦਲ ਅਕਾਲੀ ਦਲ ਦੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਅਕਾਲੀ ਆਗੂ ਨੇ ਦੱਸਿਆ ਕਿ ਉਹ ਸੁਰੱਖਿਆ ਫੌਜਾਂ ਹੱਥੋਂ ਮਾਰੇ ਗਏ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਦੇ ਘਰਾਂ ਦਾ ਦੌਰਾ ਵੀ ਕਰਨਗੇ। ਉਨ੍ਹਾਂ ਚਿਤਾਵਨੀ ਦਿਤੀ ਕਿ ਸੁਰੱਖਿਆ ਦਲਾਂ ਨੂੰ ਖਾੜਕੂ ਸਿਖ ਨੌਜਵਾਨਾਂ ਦਾ ਝੂਠੇ ਪੁਲਸ ਮੁਕਾਬਲੇ ਬਣਾ ਕੇ ਖੁਰਾ ਖੋਜ ਮਿਟਾਉਣ ਦੀ ਨੀਤੀ ਅਖਤਿਆਰ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਨਾਰਾਜ਼ ਦਲ ਨੂੰ 'ਬਾਗੀ ਦਲ' ਦੇ ਨਾਂ ਹੇਠ ਸੱਦੇ ਜਾਣ 'ਤੇ ਇਤਰਾਜ਼ ਕੀਤਾ ਪ੍ਰੰਤੂ ਉਨ੍ਹਾਂ ਨਾਲ ਹੀ ਕਿਹਾ ਕਿ ਇਹ ਨਾਂ ਸ੍ਰੀ ਬਰਨਾਲਾ ਦੇ 'ਦਾਗੀ ਦਲ' ਨਾਲੋਂ ਤਾਂ ਚੰਗਾ ਹੈ। ਉਨ੍ਹਾਂ ਆਖਿਆ ਕਿ ਹੁਣ ਅਸਲ ਲੜਾਈ ਬਾਗੀ ਦਲ ਅਤੇ ਦਾਗੀ ਦਲ ਵਿਚਾਲੇ ਹੈ। ਸ੍ਰੀ ਟੌਹੜਾ ਨੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 'ਦਾਗੀ ਦਲ' ਦੀ ਪੰਥ ਵਿਰੋਧੀ ਕਾਰਕੁਰਦਗੀ' ਦਾ ਪਰਦਾ ਫਾਸ਼ ਕਰਨ ਲਈ ਅਗੇ ਆਉਣ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਲੈ. ਜਨਰਲ ਜਗਜੀਤ ਸਿੰਘ ਅਰੋੜਾ ਖੁਫੀਆ ਏਜੰਸੀ 'ਰਾਅ' ਦਾ ਏਜੰਟ ਹੈ ਕਿਉਂਕਿ ਜਨਰਲ ਅਰੋੜਾ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਪਿਛੋਂ ਰਾਅ ਦੇ ਖਰਚੇ ਉਤੇ ਹੀ ਵਿਦੇਸ਼ਾਂ ਦੇ ਦੌਰੇ 'ਤੇ ਗਿਆ।



## ਵਿਅੰਗ

■ ਜਲਾਲ ਆਗਾ—ਰਾਤੀਂ ਮੈਨੂੰ ਬਹੁਤ ਭਿਆਨਕ ਸੁਪਨਾ ਆਇਆ।

—ਕੀ ਸੀ ?

ਜਲਾਲ ਆਗਾ—ਮੈਂ ਕੋਈ ਹਜ਼ਾਰ ਕੁੜੀਆਂ ਨਾਲ ਸੀ।

ਮਿੱਤਰ—ਵਾਹ, ਇਹ ਵਧੀਆ ਗੱਲ ਹੋਈ। ਤੈਨੂੰ ਭਿਆਨਕ ਕਿਉਂ ਲਗਿਆ ?

ਜਲਾਲ ਆਗਾ—ਮੈਂ ਭੀ ਤਾਂ ਉਨ੍ਹਾਂ ਵਿਚ ਇਕ ਕੁੜੀ ਸੀ।

* * *

■ ਦਾਅਵਤ ਤੋਂ ਪਹਿਲਾਂ ਸ਼ਰਾਬ ਦਾ ਦੌਰ ਚਲ ਰਿਹਾ ਸੀ। ਸ਼ਸ਼ੀ ਕਪੂਰ ਨੇ ਮਨੋਜ ਕੁਮਾਰ ਤੋਂ ਪੁਛਿਆ—'ਕੀ ਗੱਲ, ਤੁਹਾਡੇ ਹੱਥ ਵਿਚ ਗਲਾਸ ਨਹੀਂ।'

ਮਨੋਜ ਕੁਮਾਰ ਨੇ ਮੁਸਕਰਾ ਕੇ ਕਿਹਾ—'ਮੈਂ ਤਾਂ ਬਿਲਕੁਲ ਨਹੀਂ ਪੀਂਦਾ।'

ਸ਼ਸ਼ੀ ਕਪੂਰ ਨੇ ਆਪਣਾ ਗਲਾਸ ਉਸ ਨੂੰ ਫੜਾ ਕੇ ਕਿਹਾ...'ਚੰਗਾ ਤਾਂ ਇਸ ਨੂੰ ਫੜ ਲੈ—ਮੈਂ ਜ਼ਰਾ ਬਾਥ-ਰੂਮ ਹੋ ਆਵਾਂ।'

## ਗ਼ਜ਼ਲ

ਦਰਸ਼ਨ ਨੱਤ

ਕਿੰਨੇ ਹਸਮੁਖ, ਦਿਲਕਸ਼ ਚਿਹਰੇ, ਕਿੰਨੇ ਸੁਹਣੇ, ਪਿਆਰੇ ਲੋਕ !
ਸ਼ਹਿਰ ਦੇ ਹਰ ਇਕ ਚੌਰਾਹੇ 'ਤੇ ਬੈਠੇ ਕਿਸਮਤ - ਮਾਰੇ ਲੋਕ !

ਕੀਹਨੂੰ, ਕੀਹਨੂੰ ਧੀਰ ਬੰਨ੍ਹਾਈਏ, ਕੀਹਦੀ ਸਰਦਲ ਸਿਰ ਧਰੀਏ ?
ਹਰ ਚੌਖਟ 'ਚੋਂ ਝਾਕ ਰਹੇ ਨੇ, ਬੇਕਸ, ਬਿਰਧ, ਬੇਚਾਰੇ ਲੋਕ !

ਕੌਣ, ਕਿਦ੍ਹੀ ਪ੍ਰਵਾਹ ਕਰਦਾ ਹੈ ? ਆਪੋ-ਧਾਪ ਪਈ ਏਥੇ,
ਹਰ ਇਕ ਨੂੰ ਹੈ ਕੁਰਸੀ ਪਿਆਰੀ, ਐਪਰ ਨੇ ਦੁਪਿਆਰੇ ਲੋਕ !

ਲੁੱਟ ਮਾਰ ਕੇ, ਫਿਨ-ਭੰਗਰ ਹੋ, ਹਿਰਨਾਂ ਸਿੰਗੀਂ ਜਾ ਚੜ੍ਹਦੇ,
ਹੱਥ ਆਵਣ ਨੂੰ ਰਹਿ ਜਾਂਦੇ ਨੇ, ਭੋਲੇ ਅਤੇ ਭੰਡਾਰੇ ਲੋਕ !

ਲੱਖਾਂ ਆਏ, ਤੁਰ ਗਏ ਦਾਅਵੇ ਕਰਦੇ ਦੁਨੀਆਂ ਬਦਲਣ ਦੇ,
ਨਜ਼ਰ ਮਾਰ ਕੇ ਦੇਖੋ ਕਿਤਨੇ ਸੁਧਰੇ ਅਤੇ ਸੰਵਾਰੇ ਲੋਕ !

ਕਦ ਤਕ ਡਰਦੇ ਰਹਿ ਸਕਦੇ ਨੇ, ਤਲਵਾਰਾਂ, ਸੰਗੀਨਾਂ ਤੋਂ ?
ਦੱਬੇ, ਕੁਚਲੇ ਅਤੇ ਲਤਾੜੇ, ਹੋ ਜਾਂਦੇ ਪਰਵਾਹਰੇ ਲੋਕ !

## ਸੱਜਣਾ ਸਾਂਵਲਿਆ

☐ਅਮਰਜੀਤ 'ਕੌਂਕੇ'

ਪੰਖ ਹੁੰਦੇ
ਉਡ ਆਉਂਦੇ
ਸੱਜਣਾ ਸਾਂਵਲਿਆ...

ਰੇਤ ਦੇ ਸਰਵਰ
ਪੱਥਰ ਖੰਭੇ
ਚੁੱਭੀਆਂ ਮਾਰ ਨਹਾਉਂਦੇ, ਸੱਜਣਾ...

ਸ਼ਹਿਰ ਬੇਗਾਨਾ
ਦੂਰ ਨੇ ਮਾਵਾਂ
ਵਿਥਿਆ ਆਖ ਸੁਣਾਉਂਦੇ, ਸੱਜਣਾ...

ਅੱਖੋਂ ਕਿਰਦੀ
ਰੇਤ ਨਾ ਛੁਪਦੀ
ਅੱਥਰੂ ਹੋਣ ਛੁਪਾਉਂਦੇ, ਸੱਜਣਾ...

ਉਮਰ ਦੀ ਟਹਿਣੀ
ਗਮ ਦੇ ਪੰਛੀ
ਰੋਜ਼ ਆਹਲਣਾ ਪਾਉਂਦੇ, ਸੱਜਣਾ ਸਾਂਵਲਿਆ...

ਪੰਖ ਹੁੰਦੇ
ਉਡ ਆਉਂਦੇ
ਸੱਜਣਾ ਸਾਂਵਲਿਆ...

## ਫਾਸਲੇ

ਮੋਹਨ ਮਤਿਆਲਵੀ

ਕਲਵਲ ਕਲਵਲ ਨਿਰਮਲ ਜਲ ਵਗਦਾ
ਬੇਮੌਸਮੇ, ਹੜ੍ਹਾਂ ਨੇ ਏਨਾਂ ਗੰਧਲਾ ਕੀਤਾ,
ਕਿ ਚਿਹਰਾ ਤਕ ਨਜ਼ਰ ਨਾ ਆਵੇ।
ਪੈਰ ਪੈਰ 'ਤੇ ਤਿਲਕਣਬਾਜ਼ੀ,
ਕੋਈ ਕਿਹੜੇ ਪਾਸੇ ਜਾਵ੍ਹੇ,
ਮਨ ਦਾ ਪੰਛੀ ਕੁਰਲਾਵੇ,
ਗੀਤ ਲਬਾਂ 'ਤੇ ਆ ਮੁੜ ਜਾਵੇ।

ਮੌਤ ਪੱਸਰੀ ਹੈ ਚੁਫੇਰੇ,
ਉਫ ! ਇਹ ਧਰਮਾਂ ਦੇ ਝੇੜੇ !!
ਬੇਸ਼ੁਮਾਰ ਹਨ ਸਲੀਬਾਂ – ਕਤਲਗਾਹਾਂ,
ਕਿੰਨਾਂ ਕੁਝ ਗੁਆਇਆ ਹੈ, ਤੇ ਖਟਿਆ ਕੀ ?

ਗ਼ੈਰ 'ਤੇ ਗੱਦਾਰ ਦੀ ਪਹਿਚਾਣ ਕੀਤੇ ਤੋਂ ਬਿਨਾਂ,
ਦੁਸ਼ਮਣੀ 'ਤੇ ਪਿਆਰ ਦੀ ਪਹਿਚਾਣ ਕੀਤੇ ਤੋਂ ਬਿਨਾਂ,
ਕਦੇ ਨਾ ਦਈਏ ਘੁੱਟ ਕੇ ਗੰਢਾਂ ਏਡੀਆਂ,
ਜੋ ਮੁੜ ਦੰਦਾਂ ਨਾਲ ਵੀ ਜਾਣ ਨਾ ਖੋਲ੍ਹੀਆਂ।

ਹੁਣ ਤਾਂ ਵਕਤ ਦੀ ਇਹ ਆਵਾਜ਼ ਹੈ –
ਹਰ ਜ਼ਖਮੀ ਪਲ ਦੀ ਫਰਿਆਦ ਹੈ;
'ਕੁਝ' ਉਪਰੋਂ ਥੋੜ੍ਹਾ ਥੱਲੇ ਆ ਕੇ,
'ਕੁਝ' ਸਾਰੇ ਸ਼ਿਕਵੇ ਗਿਲੇ ਭੁਲਾ ਕੇ,

ਸੱਥ ਵਿਚ ਬਹਿ ਕੇ ਨਬੇੜੇ ਜਾਣ ਫੈਸਲੇ,
ਦੂਰ ਹੋਵਣ ਦੂਰੀਆਂ 'ਤੇ ਮੁੱਕੇ ਫਾਸਲਾ,
ਤੁਰ ਪਵੇ ਉਸੇ ਹੀ ਰਸਤੇ 'ਤੇ ਮੁੜ,
ਭਟਕਿਆ ਜਿਸ ਮੋੜ ਤੋਂ ਹੈ –
ਜ਼ਿੰਦਗੀ ਦਾ ਕਾਫਲਾ।

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name........................................................
Address......................................................
City.........................................................
Province.....................................................
Postal code..................................................
PHONE.

| | |
|---|---|
| One Year ................... | 25 dollars |
| Two Year ................... | 45 dollars |
| Three year ................. | 65 dollars |
| Life membership.......... | 300 dollars |
| ASIA............................. | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa .......................... | 100 dollars [a year] |


ਖੁਸ਼ਖਬਰੀ! ਐਬਟਸਫੋਰਡ ਵਿਚ ਨਵੀਂ ਏਜੰਸੀ ਖੁਸ਼ਖਬਰੀ!

CENTRAL VALLEY INSURANCE AGENCIES LTD.

autoplan AUTHORIZED AGENT

ਇਨਸ਼ੋਰੈਂਸ ਦਾ ਜਿਥੇ ਕਿਧਰੇ ਵੀ ਸਵਾਲ ਉਠੇ, ਫੌਰਨ ਸਾਡੀ ਸਲਾਹ ਲਵੋ



Harjinder S. Deol
BUSINESS MANAG. & ADMIN

For your Insurance Needs:
Such as:

- ■ Auto Insurance
- ■ Home Owners
- ■ Farms Insurance
- ■ Commercial
- ■ Business

ਜੇ ਤੁਸੀਂ ਘਰ, ਫਾਰਮ, ਕਾਰ, ਘਰ ਦਾ ਸਮਾਨ, ਦੁਕਾਨ, ਬਿਜ਼ਨਸ ਜਾਂ ਹੋਰ ਕਿਸੇ ਚੀਜ਼ ਦਾ ਇਨਸ਼ੋਰੈਂਸ ਕਰਵਾਉਣਾ ਹੋਵੇ ਤਾਂ ਸਾਨੂੰ ਮਿਲੋ ਜਾਂ ਫੋਨ ਕਰੋ ਅਸੀਂ ਤੁਹਾਨੂੰ ਫਰੀ ਐਸਟੀਮੇਟ ਤੇ ਲੋੜੀਂਦੀ ਸਲਾਹ ਵੀ ਦੇਵਾਂਗੇ।

Please Contact:
HARJINDER SINGH DEOL
ਹਰਜਿੰਦਰ ਸਿੰਘ ਦਿਓਲ

Bus: 852-9252
Res. 826-2868

107 · 33119 South Fraser Way, Abbotsford, B.C.
(Next to old Gurudwara). V2S 2B1

# ਫਿਲਮ ਲੋਕ

ਸ਼ਮਸ਼ੇਰ ਸਿੰਘ ਸੰਧੂ

## ਨਵੀਂ ਨਾਇਕਾ ਜਮੁਨਾ

ਬੰਬਈ ਦੀ ਫਿਲਮੀ ਦੁਨੀਆਂ ਵਿਚ ਹਰ ਆਏ ਦਿਨ ਨਏ ਚਿਹਰੇ ਆਸਾਂ - ਉਮੀਦਾਂ ਲੈ ਕੇ ਸੰਘਰਸ਼ ਦੇ ਰਾਹ ਤੁਰਦੇ ਹਨ। ਕਈਆਂ ਨੂੰ ਦੋ ਕਦਮ ਤੁਰ ਕੇ, ਤਲਖ ਤਜ਼ਰਬਿਆਂ ਕਾਰਨ ਰਸਤਾ ਤਿਆਗਣਾ ਪੈਂਦਾ ਹੈ ਤੇ ਕਈ ਅਜਿਹੇ ਹੁੰਦੇ ਹਨ ਜੋ ਇਕ ਕਦਮ ਅਗਾਂਹ ਪੁਟਦੇ ਹਨ, ਤਿੰਨ ਕਦਮ ਪਿਛਾਂਹ ਪਰਤ ਆਉਂਦੇ ਹਨ। ਪਰ ਕੁਝ ਨਾ ਕੁਝ ਸਹੀ ਮੰਜ਼ਿਲ 'ਤੇ ਪਹੁੰਚਣ ਲਈ ਸਹੀ ਰਸਤੇ ਉਪਰ ਕਦਮ-ਦਰ-ਕਦਮ ਚਲਦੇ ਹੀ ਵਿਖਾਏ ਦਿੰਦੇ ਹਨ। ਅਜਿਹੀਆਂ ਖੁਸ਼ਕਿਸਮਤ ਕੁੜੀਆਂ ਵਿਚੋਂ ਇਕ ਹੈ ਜਮੁਨਾ।

ਮਲਟੀ-ਸਟਾਰ ਹਿੰਦੀ ਫਿਲਮ "ਮੁਹੱਬਤ ਕੀ ਕਸਮ" ਵਿਚ ਜਮੁਨਾ ਹੀਰੋਇਨ ਹੈ। ਇਹ ਮੁਲਾਕਾਤ ਉਸਦੇ ਘਰ "ਰਾਈਜ਼ਿੰਗ-ਸਨ-ਅਪਾਰਟਮੈਂਟ" ਵਿਖੇ ਹੋਈ ਸੀ ਜੋ ਕਿ ਜੂਹੂ ਰੋਡ ਉਪਰ ਸਟਾਰ ਵੇਜ਼ ਹੋਟਲ ਦੇ ਨੇੜੇ ਕਰਕੇ ਸਥਿਤ ਹੈ

? ਇਸ ਵੇਲੇ ਤੁਹਾਡੇ ਕੋਲ ਕਿਹੜੀਆਂ ਫਿਲਮਾਂ ਹਨ?

— ਪੰਜ-ਛੇ ਫਿਲਮਾਂ ਦੇ ਨਾਂ ਲਏ ਜਾ ਸਕਦੇ ਹਨ ਜਿਨ੍ਹਾਂ 'ਚੋਂ ਤਿੰਨ ਲਗਪਗ ਕੰਪਲੀਟ ਹੋ ਚੁੱਕੀਆਂ ਨੇ। 'ਤੁਮ ਬਿਨ ਜਾਊਂ ਕਹਾਂ', 'ਮਹਿੰਦੀ ਕੇ ਜ਼ਖਮ', 'ਮੁਹੱਬਤ ਕੀ ਕਸਮ', 'ਕੌਨ ਕਿਸ ਕਾ ਮੀਤ', 'ਨਕਾਬ', ਤੇ 'ਮੈਂ ਚੁੱਪ ਨਹੀਂ ਰਹੂੰਗੀ'। ਕੁਝ ਹੋਰ ਥਾਵਾਂ 'ਤੇ ਵੀ ਗੱਲਬਾਤ ਚਲ ਰਹੀ ਹੈ ਪਰ ਅਜੇ ਬਾਕਾਇਦਾ ਐਲਾਨ ਨਹੀਂ ਹੋਇਆ।

? ਹਾਲ ਤੱਕ ਦੀਆਂ ਫਿਲਮਾਂ 'ਚੋਂ ਕਿਹੜੀ ਐਸੀ ਹੈ ਜਿਥੋਂ ਤੁਹਾਨੂੰ ਬਤੌਰ ਕਲਾਕਾਰਾਂ ਤ੍ਰਿਪਤੀ ਮਿਲੀ ਹੋਵੇ?

— 'ਮੈਂ ਚੁੱਪ ਨਹੀਂ ਰਹੂੰਗੀ' ਸਮੁੱਚੇ ਰੂਪ 'ਚ ਕਹਾਣੀ ਮੇਰੇ ਦੁਆਲੇ ਘੁੰਮਦੀ ਹੈ ਤੇ ਮੈਨੂੰ ਆਪਣਾ ਆਰਟ ਦਿਖਾਉਣ ਦਾ ਖੁਲ੍ਹ ਕੇ ਅਵਸਰ ਮਿਲਿਆ ਹੈ। 'ਮੁਹੱਬਤ ਕੀ ਕਸਮ' ਪ੍ਰਤੀ ਮੈਂ ਇਸ ਕਰਕੇ ਵੀ ਜਜ਼ਬਾਤੀ ਹਾਂ ਕਿ ਸਾਡੀ ਤਿੰਨ ਨਵੇਂ ਕਲਾਕਾਰਾਂ ਸੰਧੂਰਾਜ, ਅਸ਼ਵਨੀ ਰਾਜ ਤੇ ਮੇਰੀ ਪ੍ਰੇਮ-ਤਿਕੋਨ ਨੂੰ ਇੰਡਸਟਰੀ ਦੇ ਵੱਡੇ ਵੱਡੇ ਕਲਾਕਾਰ ਲਿਸ਼ਕਾਉਂਦੇ ਹਨ। ਅਮਜਦ ਖਾਨ, ਮੁਨਮੁਨ ਸੇਨ, ਧਰਮਿੰਦਰ ਤੇ ਇਮਤਿਆਜ਼ ਵਰਗੇ ਸੀਨੀਅਰ ਕਲਾਕਾਰਾਂ ਨਾਲ ਫਿਲਮ 'ਚ ਸੀਨ ਕਰਦਿਆਂ ਬੜਾ ਮਜ਼ਾ ਆਇਆ।

? ਕੀ ਏਨੇ ਵੱਡੇ ਕਲਾਕਾਰਾਂ ਨਾਲ ਫਿਲਮ 'ਚ ਕੰਮ ਕਰਦਿਆਂ ਘਬਰਾਹਟ ਨਹੀਂ ਹੋਈ, ਕਾਂਪਲੇਕਸ ਨਹੀਂ ਆਇਆ?

— ਮਾਫ ਕਰਨਾ, ਬਾਤ ਕੁਛ ਟੇਡੀ ਸੀ ਹੈ ... ਪਹਿਲੇ ਦਿਨ ਜਦ ਮੈਂ ਤਨੂਜਾ ਜੀ ਤੇ ਅਮਜ਼ਦ ਜੀ ਦੀ ਮੌਜੂਦਗੀ ਵਿਚ ਕੈਮਰੇ ਅੱਗੇ ਆਈ ਤਾਂ ਇਕ ਪਲ ਨਰਵਸ ਹੋ ਗਈ। ਫਿਰ ਮੈਂ ਸਵੈ ਉਪਰ ਕਾਬੂ ਪਾਉਂਦਿਆਂ ਮਨ ਹੀ ਮਨ ਕਿਹਾ, "ਏਥੇ ਜਿਤਨੇ ਲੋਕ ਖੜ੍ਹੇ ਨੇ ... ਸਭ ਬੁੱਧੂ ਨੇ ... ਗਧੇ ਨੇ ... ਬਸ ਉਹ ਦਿਨ ਤੇ ਆਹ ਦਿਨ, ਮੈਂ ਮੁੜ ਕੇ ਕਦੇ ਨਰਵਸ ਨਹੀਂ ਹੋਈ।



ਮੁਕੰਮਲ ਹੋ ਚੁੱਕੀ ਮਲਟੀ-ਸਟਾਰ ਫਿਲਮ "ਮੁਹੱਬਤ ਕੀ ਕਸਮ" ਦੇ ਨਵੇਂ ਚੇਹਰੇ ਜਮੁਨਾ ਤੇ ਸੰਧੂ ਰਾਜ


To protect your family, your mortgage, or to ensure your childrens' education, for an RRSP or an annuity, contact:



**AVTAR S. RANDHAWA**

B.A., B.T.

AVTAR S. RANDHAWA

Six times National Quality Award Winner

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



**United Realty Ltd.**

3879 Oak Street, Vancouver, B.C. V6H 2M6



Malkit Dhami,
M.A. (Eco.)

■ **BUYING**
■ **SELLING**

**Free Evaluation For Your Property Call Any Time Without Any Obligation**

**Bus. 736-3831 or Res. 434-8548**

**Pager - 687-1985 #2229**

Member of Prestigious M.L.S. Medallion Club For 83-84 85-86





**Main Street Clothing Manufacturer**

**SAVE ON CLOTHING**

**You've Never Seen Prices in B.C. Like This Before**

**TWO LOCATIONS**

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

This coupon is worth:
$ 2.00 OFF
on the purchase of any dress over $10.00

ਪੰਨਾ 22 ਦੀ ਬਾਕੀ

? ਨਵੀਆਂ ਕੁੜੀਆਂ ਨੂੰ ਫਿਲਮ ਇੰਡਸਟਰੀ ਵਿਚ ਅਜੀਬੋ-ਗਰੀਬ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦੈ, ਸਮਝੌਤੇ ਵਗੈਰਾ, ਕੀ ਤੁਸੀਂ ...

— ਮੈਂ ਫਿਲਮਾਂ 'ਚ ਹਰਗਿਜ਼ ਸ਼ੋ ਪੀਸ ਨਹੀਂ ਬਣਾਂਗੀ। ਕਹਾਣੀ ਦੀ ਮੰਗ ਹੋਵੇਗੀ ਤਾਂ ਜ਼ਰੂਰ ਬੋਲਡ ਸੀਨ ਦੇਵਾਂਗੀ, ਪਰ ਉਹ ਵੀ ਇਕ ਹੱਦ ਤੱਕ। ਮੈਂ ਐਕਟਿੰਗ ਦੇ ਸਿਰ 'ਤੇ ਆਪਣਾ ਲੋਹਾ ਮਨਵਾਵਾਂਗੀ, ਜਿਸਮ ਦੀ ਖੁਲ੍ਹੇਆਮ ਪਰਦੇ 'ਤੇ ਨੁਮਾਇਸ਼ ਕਰਨ ਵਾਲੀਆਂ ਲੜਕੀਆਂ 'ਚੋਂ ਮੈਂ ਨਹੀਂ ਹਾਂ।

? ਫਿਲਮ ਲਾਈਨ ਵਲ ਤੁਹਾਡਾ ਝੁਕਾਅ ਕਿਵੇਂ ਹੋਇਆ ?

— ਮੇਰੇ ਡੈਡੀ ਬਿਲਕੁਲ ਨਹੀਂ ਸਨ ਚਾਹੁੰਦੇ ਕਿ ਅਸੀਂ ਫਿਲਮਾਂ 'ਚ ਕੰਮ ਕਰੀਏ ਮੇਥੋਂ ਪਹਿਲਾਂ ਮੇਰੀ ਭੈਣ ਆਰਤੀ ਕਈ ਫਿਲਮਾਂ ਵਿਚ ਆਈ ਹੈ ਤੇ ਸ਼ਾਦੀ ਕਰਵਾਉਣ ਉਪਰੰਤ ਉਸਨੇ ਇਹ ਲਾਈਨ ਛੱਡ ਦਿਤੀ। ਮੈਨੂੰ ਬਚਪਨ ਤੋਂ ਹੀ ਇਧਰ ਸ਼ੌਕ ਸੀ। ਕੁਝ ਹੱਲਾਸ਼ੇਰੀ ਭੈਣ ਨੇ ਦਿੱਤੀ ਤੇ ਕੁਝ ਹੁੰਗਾਰਾ ਮੇਰੀ ਮੰਮੀ ਨੇ ਵੀ ਭਰਿਆ। ਮੰਮੀ ਨ੍ਰਿਤ ਨਾਟਕ ਪ੍ਰੋਡਿਊਸਰ ਕਰਦੀ ਹੁੰਦੀ ਸੀ ਤੇ 'ਸ਼ਿਵ ਪਾਰਵਤੀ' ਡਰਾਮੇ ਵਿਚ ਮੈਂ ਰਤੀ ਦਾ ਰੋਲ ਕੀਤਾ ਸੀ।

? ਸੁਣਨ ਵਿਚ ਆਇਆ ਸੀ ਕਿ ਜਦੋਂ ਰਾਜ ਕਪੂਰ ਨੇ 'ਰਾਮ ਤੇਰੀ ਗੰਗਾ ਮੈਲੀ' ਲਈ ਲੜਕੀ ਚੁਣਨ ਵਾਸਤੇ ਆਰ. ਕੇ ਸਟੂਡੀਓ ਵਿਚ ਲੜਕੀਆਂ ਦੀ ਪਰੇਡ ਕਰਾਈ ਸੀ ਤਾਂ ਤੁਸੀਂ ਉਸ ਪਰੇਡ ਵਿਚ ਭਾਗ ਲਿਆ ਸੀ ?

— ਠੀਕ ਹੀ ਸੁਣਿਆ ਸੀ, ਰਾਜ ਸਾਹਿਬ ਨੇ ਮੇਰਾ ਸਕਰੀਨ ਟੈਸਟ ਵੀ ਲਿਆ ਸੀ। ਮਨਜੀਤਾ ਦਾ ਵੀ। ਪਰ ਮੇਰੀ ਹਾਈਟ ਜ਼ਿਆਦਾ ਸੀ ਪੰਜ ਫੁਟ ਸੱਤ ਇੰਚ। ਰਾਜੀਵ ਕਪੂਰ ਦੇ ਆਪੋਜਿਟ ਲੰਬੀ ਲੜਕੀ ਨਹੀਂ ਸੀ ਚੁਣੀ ਜਾ ਸਕਦੀ। ਰਾਜ ਸਾਹਿਬ ਨੇ ਮੇਰੀ ਮੰਮੀ ਨੂੰ ਕਿਹਾ ਸੀ ਕਿ ਕਦ ਰੁਕਾਵਟ ਬਣ ਰਿਹਾ ਹੈ। ਪਰ ਮੈਂ ਨਿਰਾਸ਼ ਨਹੀਂ ਹੋਈ।

? ਕਿਹੜੀਆਂ ਐਕਟਰਸਾਂ ਨੂੰ ਤੁਸੀਂ ਆਪਣਾ ਆਦਰਸ਼ ਮੰਨਦੇ ਹੋ ?

— ਆਦਰਸ਼ ਤਾਂ ਮੈਂ ਕਿਸੇ ਇਕ ਨੂੰ ਨਹੀਂ ਮੰਨਦੀ। ਹਾਂ, ਪਹਿਲਾਂ ਪਹਿਲਾਂ ਮੈਂ ਮਧੂਬਾਲਾ ਤੇ ਮੀਨਾ ਕੁਮਾਰੀ ਤੋਂ ਕਾਫੀ ਪ੍ਰਭਾਵਤ ਸੀ। ਫਿਰ ਨਰਗਿਸ ਮੇਰੇ ਦਿਲੋ-ਦਿਮਾਗ 'ਤੇ ਛਾਈ ਰਹੀ। ਹੁਣ ਸਮਿਤਾ ਪਾਟਿਲ ਜੀ ਮੈਨੂੰ ਸੋਲਾਂ ਕਲਾ ਸੰਪੂਰਨ ਐਕਟਰਸ ਜਾਪਦੇ ਨੇ। ਵੈਸੇ ਮੀਨਾ ਕੁਮਾਰੀ ਦੀਆਂ ਫਿਲਮਾਂ ਨੂੰ ਅਜੇ ਵੀ ਵਾਰ ਵਾਰ ਦੇਖਣ ਦੀ ਇੱਛਾ ਰਖਦੀ ਹਾਂ।

ਬਲਾਵਾਂ ਨੇ, ਰਾਹ ਰੋਕ ਮੇਰਾ ਲਿਆ
ਮੈਂ ਰਾਹ 'ਚੋਂ ਹਵਾਵਾਂ ਬਲਾਵਾਂ ਕਿਵੇਂ

# ਇਕ ਸੀ ਕਲਪਨਾ

ਜਿਨ੍ਹਾਂ ਲੋਕਾਂ ਨੇ ਹੀਰੋ ਸ਼ਸ਼ੀ ਕਪੂਰ ਦੀ ਜਵਾਨੀ ਵੇਲੇ ਦੀ ਫਿਲਮ 'ਪ੍ਰੋਫੈਸਰ' ਦੇਖੀ ਸੀ, ਉਨ੍ਹਾਂ ਸਭ ਨੂੰ ਯਾਦ ਹੋਵੇਗਾ ਕਿ ਇਕ ਐਕਟਰੈਸ ਹੁੰਦੀ ਸੀ ਕਲਪਨਾ। ਤਿਰਛੀ ਨਜ਼ਰ ਮੋਟੀਆਂ ਅੱਖਾਂ, ਅੰਡਾਕਾਰ ਮੁਖੜਾ, ਫੁਰਤੀਲੀ ਅਤੇ ਲਚਕਦਾਰ ਤੋਰ, ਜਦੋਂ ਹੱਸਦੀ ਤਾਂ ਗੱਲ੍ਹਾਂ ਵਿਚ ਟੋਏ ਪੈਂਦੇ। ਕਲਪਨਾ ਨੇ ਕੁਝ ਸਾਲ ਸਿਨੇ ਦਰਸ਼ਕਾਂ ਦੇ ਸੁਪਨਿਆਂ 'ਚ ਯਕੀਨਨ ਥਾਂ ਮੱਲੀ। 'ਪ੍ਰੋਫੈਸਰ' ਮਿਲਮ ਆਪਣੇ ਸਮਿਆਂ ਦੀ ਸਿਲਵਰ ਜੁਬਲੀ ਹਿੱਟ ਸੀ। ਇਸ ਤੋਂ ਇਲਾਵਾ 'ਸਹੇਲੀ', 'ਤੀਨ ਦੇਵੀਆਂ', 'ਪਿਆਰ ਕੀਏ ਜਾ', 'ਸੀ. ਆਈ. ਡੀ.', 'ਤੁਮ ਕਹਾਂ ਥੇ' ਅਤੇ ਕਈ ਹੋਰ ਫਿਲਮਾਂ ਵਿਚ ਉਸਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਕਲਪਨਾ ਦਾ ਫਿਲਮੀ ਖੇਤਰ ਨੂੰ ਅਪਨਾਉਣ ਦਾ ਮਤਲਬ ਕੋਈ ਖਾਸ ਡੂੰਘਾ ਨਹੀਂ ਸੀ। ਉਸ ਦਾ ਉਦੇਸ਼ ਖੁਦ ਨੂੰ ਚਮਕਾਉਣਾ ਤੇ ਪੈਸਾ ਕਮਾਉਣਾ ਸੀ। ਜਦੋਂ ਉਹ 13 ਵਰ੍ਹਿਆਂ ਦੀ ਸੀ ਤਾਂ ਉਸਦੀ ਇਕ ਸਹੇਲੀ ਨੇ ਜਨਮ-ਦਿਨ ਪਾਰਟੀ 'ਤੇ ਉਸਨੂੰ ਘਰ ਬੁਲਾਇਆ। ਉਹਨੀਂ ਦਿਨੀਂ ਕਲਪਨਾ ਦਾ ਪਰਿਵਾਰ ਕਸ਼ਮੀਰ ਰਹਿੰਦਾ ਸੀ। ਪਾਰਟੀ ਵਾਲਾ ਘਰ ਦੇਖ ਕੇ, ਕਲਪਨਾ ਦੇ ਦਿਲ ਅੰਦਰ ਹਉਕਾ ਉਠਿਆ। ਮਹਿਲ ਨੁਮਾ ਘਰ, ਨੌਕਰ ਚਾਕਰ, ਰੰਗ ਬਰੰਗੇ ਬਲਬ, ਬਾਗ-ਬਗੀਚੇ। ਪਾਰਟੀ ਤੋਂ ਬਾਅਦ ਘਰ ਪਰਤ ਕੇ ਉਹ ਆਪਣਾ ਛੋਟਾ ਮਕਾਨ ਦੇਖ ਦੇਖ ਉਦਾਸ ਹੋਈ ਜਾਵੇ। ਉਹਦੇ ਮਾਪਿਆਂ ਨੇ ਉਹਦੀ ਉਦਾਸੀ ਨੂੰ ਭਾਂਪ ਲਿਆ। ਉਨ੍ਹਾਂ ਬਥੇਰਾ ਸਮਝਾਇਆ ਕਿ 'ਸਭ ਚਮਕਦੀਆਂ ਚੀਜ਼ਾਂ ਸੋਨਾ ਨਹੀਂ ਹੁੰਦੀਆਂ।' ਪਰ ਕਲਪਨਾ ਦਾ ਹਠ ਕਾਇਮ ਰਿਹਾ। ਇਸੇ ਦੌਰਾਨ ਪਿਤਾ ਦੀ ਦਿੱਲੀ ਬਦਲੀ ਹੋ ਗਈ ਤੇ ਕਲਪਨਾ ਨੇ ਉਥੇ ਨ੍ਰਿਤ ਸਿਖਣਾ ਆਰੰਭ ਦਿਤਾ। ਨਾਟਕ ਖੇਡਣ ਲੱਗੀ। ਫਿਲਮਾਂ ਵੱਲ ਮੂੰਹ ਕਰ ਲਿਆ।

ਨ੍ਰਿਤ ਵਿਚ ਕਲਪਨਾ ਨੇ ਕਾਫੀ ਮੁਹਾਰਤ ਹਾਸਲ ਕਰ ਲਈ। ਉਹਨੂੰ ਇਸ ਗੱਲ ਦਾ ਫਖਰ ਹੈ ਕਿ ਦਿੱਲੀ ਰਹਿੰਦਿਆਂ ਉਸਨੇ ਮਾਰਸ਼ਲ ਟੀਟੋ ਦੀ ਹਾਜ਼ਰੀ ਵਿਚ ਅਤੇ ਨਾਰਵੇ ਸਵੀਡਨ ਦੇ ਪ੍ਰਧਾਨ ਮੰਤਰੀਆਂ ਸਾਹਮਣੇ ਡਾਂਸ ਕਰਕੇ ਵਿਖਾਇਆ ਤੇ ਸ਼ਾਬਾਸ਼ੇ ਖੱਟੀ। ਕੌਮਾਂਤਰੀ ਹਸਤੀ ਸ੍ਰੀ ਨਾਸਰ ਅੱਗੇ ਉਸਨੇ ਨ੍ਰਿਤ ਨਾਟਕ 'ਸ਼ਕੁੰਤਲਾ' ਖੇਡਿਆ।

'ਪ੍ਰੋਫੈਸਰ' ਫਿਲਮ ਦੇ ਪ੍ਰੀਮੀਅਰ ਨਾਲ ਕਲਪਨਾ ਦੀ ਇਕ ਖਟਮਿੱਠੀ ਯਾਦ ਜੁੜੀ ਹੋਈ ਹੈ। ਰਾਤੀਂ ਅੱਠ ਵਜੇ ਫਿਲਮ ਕਲੱਬ ਪਹੁੰਚਣਾ ਸੀ ਤੇ ਡਿਫੈਂਸ ਫੰਡ ਵਾਸਤੇ ਪ੍ਰੀਮੀਅਰ ਰੱਖਿਆ ਹੋਇਆ ਸੀ। ਕਲਪਨਾ ਸਜਧਜ ਕੇ ਤੇ ਟੈਕਸੀ ਕਰਕੇ ਉਥੇ ਪਹੁੰਚੀ। ਕਾਰਾਂ ਦੀ ਏਨੀ ਜ਼ਿਆਦਾ ਭੀੜ ਸੀ ਕਿ ਟੈਕਸੀ ਨੂੰ ਕਈ ਫਰਲਾਂਗ ਉਤੇ ਰੁਕਣਾ ਪਿਆ। ਟੈਕਸੀ ਨੂੰ ਛੱਡ ਕੇ ਜਦ ਉਹ ਕੁਝ ਕਦਮ ਅਗਾਂਹ ਤੁਰੀ ਤਾਂ ਉਹਨੂੰ ਇਕ ਦਮ ਪਛਤਾਵਾ ਹੋਇਆ ਕਿ ਇਕੱਲਿਆਂ ਨਹੀਂ ਸੀ ਆਉਣਾ ਚਾਹੀਦਾ। ਦਰਸ਼ਕਾਂ ਨੇ ਘੇਰਾ ਪਾ ਲਿਆ। ਪੁਲੀਸ ਵਾਲੇ ਵੱਡੀਆਂ ਹਸਤੀਆਂ ਨੂੰ ਕੁਰਸੀਆਂ ਤਕ ਪਹੁੰਚਾਣ ਵਿਚ ਰੁੱਝੇ ਹੋਏ ਸਨ। ਗੱਲ, ਏਥੋਂ ਤਕ ਵਿਗੜ ਗਈ ਕਿ ਕਿਸੇ ਮਨਚਲੇ ਨੇ ਕਲਪਨਾ ਦੀ ਸਾੜ੍ਹੀ ਉਪਰ ਕੋਈ ਤਰਲ-ਪਦਾਰਥ ਦੇ ਛਿੱਟੇ ਪਾ ਦਿੱਤੇ। ਉਹ ਘਬਰਾ ਗਈ। ਅਗਾਂਹ ਜਾਣ ਜੋਗੀ, ਨਾ ਪਿਛਾਂਹ। ਐਨ ਜਿਵੇਂ ਭਾਰਤੀ ਫਿਲਮਾਂ ਵਿਚ ਹੀਰੋਇਨ ਨੂੰ ਮੁਸੀਬਤ 'ਚੋਂ ਕੱਢਣ ਲਈ ਹੀਰੋ ਅਚਾਨਕ ਪ੍ਰਗਟ ਹੋ ਜਾਂਦਾ ਹੈ, ਕਲਪਨਾ ਦੀ ਖੁਸ਼ਕਿਸਮਤੀ ਨੂੰ ਦਲੀਪ ਕੁਮਾਰ ਦੀ ਕਾਰ ਰੁਕੀ। ਦਰਵਾਜ਼ਾ ਖੁਲ੍ਹਦਿਆਂ ਹੀ ਕਾਰ 'ਚ ਛਾਲ ਮਾਰ ਕੇ ਕਲਪਨਾ ਬੈਠ ਗਈ ਤੇ ਸੁਖ ਦਾ ਸਾਹ ਲਿਆ। ਹੁਣ, ਅਗਲੀ ਸਮੱਸਿਆ ਇਹ ਸੀ ਕਿ ਸਟੇਜ ਉਪਰ ਗਿੱਲੀ ਸਾੜ੍ਹੀ ਲੈ ਕੇ ਕਲਪਨਾ ਕਿੰਜ ਪਰੇਡ ਕਰਦੀ। ਦਲੀਪ ਕੁਮਾਰ ਨੇ ਆਪਣਾ ਡਰਾਈਵਰ ਤੇ ਕਾਰ ਦੇ ਕੇ ਕਿਹਾ, "ਸ਼ਸ਼ੋਪੰਜ 'ਚ ਨਾ ਪਓ। ਆਰਾਮ ਨਾਲ ਤਿਆਰ ਹੋ ਕੇ ਆਓ।" ਕਲਪਨਾ ਨੇ ਆਪਣੀ ਡਾਇਰੀ ਵਿਚ ਉਕਤ ਘਟਨਾ ਨੂੰ "ਡੀਪਲੀ ਟੱਚਡ" ਦੇ ਸਿਰਲੇਖ ਹੇਠ ਹਰੀ ਸਿਆਹੀ ਨਾਲ ਲਿਖਿਆ ਹੋਇਆ ਹੈ।

ਬਾਰੀਕ ਤੇ ਸੂਖਮ ਅਭਿਨੈ ਕਲਪਨਾ ਦੇ ਵੱਸ ਦਾ ਰੋਗ ਨਹੀਂ ਸੀ। ਇਸੇ ਕਰਕੇ ਉਹ ਇੰਡਸਟਰੀ 'ਚ ਲੰਮਾ ਸਮਾਂ ਨਾ ਟਿਕ ਸਕੀ। ਗਲੈਮਰ ਦੇ ਸਹਾਰੇ, ਉਹ ਚੰਦ ਪਲਾਂ ਲਈ ਫਿਲਮੀ ਅੰਬਰ ਉਪਰ ਆਤਿਸ਼ਬਾਜ਼ੀ ਵਾਂਗ ਚਮਕੀ ਤੇ ਫਿਰ ਰਾਖ ਬਣ ਕੇ ਝੜ ਗਈ। ਦੇਖਦਿਆਂ ਹੀ ਦੇਖਦਿਆਂ ਉਹਦਾ ਸਰੀਰ ਥਲਥਲ ਕਰਨ ਲੱਗਾ, "ਫਿਗਰ" ਵਿਗੜ ਗਈ ਤੇ ਸਕਰੀਨ ਉਪਰ ਜਚਣੋਂ ਹਟ ਗਈ

ਇਕ ਸਮਾਂ ਆਇਆ ਕਿ ਕਲਪਨਾ, ਸ਼ਰਾਬ ਪੀਣ ਦੀ ਆਦੀ ਹੋ ਗਈ। ਅੱਜ ਕੱਲ੍ਹ ਉਹ ਗੁੰਮਨਾਮੀ ਦੀਆਂ ਵਾਦੀਆਂ 'ਚ ਵਿਚਰ ਰਹੀ ਹੈ।

ਤ੍ਰੇਲ ਤੁਪਕੇ ਕਿਰਨਗੇ ਝੋਲੀ 'ਚ ਉਸ ਦੀ ਬੇਸ਼ੁਮਾਰ,
ਭਿੱਜੀ ਟਹਿਣੀ ਯਾਦ ਦੀ ਜਦ ਵੀ ਹਿਲਾਇਆ ਕਰਨਗੇ।

"ਇਹ ਨਹੀਂ ਝੁਕਿਆ ਹੈ, ਰਾਜਾਂ ਤਾਜਾਂ ਅੱਗੇ" ਆਖਕੇ,
ਉਹ ਮਿਰੀ ਦਹਿਲੀਜ਼ 'ਤੇ ਸਿਰ ਨੂੰ ਝੁਕਾਇਆ ਕਰਨਗੇ।


ISP INDIA SARI PALACE

6657 MAIN ST., VANCOUVER, B.C.
PHONE (604) 324-2565

ਧੜਾਧੜ ਨਵੇਂ ਨਵੇਂ ਡੀਜ਼ਾਈਨਾਂ ਤੇ ਰੰਗਾਂ ਵਿਚ ਕੱਪੜੇ ਦੀਆਂ ਸ਼ਿਪਮੈਂਟਾਂ ਪਹੁੰਚ ਰਹੀਆਂ ਹਨ!

ਸ੍ਰੀਦੇਵੀ ਸਾੜ੍ਹੀਆਂ ਹੁਣ ਤੁਹਾਨੂੰ ਸਿਰਫ ਆਈ. ਐਸ. ਪੀ. (ਇੰਡੀਆ ਸਾੜ੍ਹੀ ਪੈਲੇਸ) ਤੋਂ ਅਨੇਕਾਂ ਰੰਗਾਂ ਤੇ ਡੀਜ਼ਾਈਨਾਂ ਵਿਚ ਮਿਲ ਸਕਦੀਆਂ ਹਨ।



ਵਿਆਹਾਂ ਸ਼ਾਦੀਆਂ ਤੇ ਦਾਜ ਵਰੀ ਦਾ ਸਾਰਾ ਸਮਾਨ ਖਰੀਦਣ ਵਾਲੇ ਗਾਹਕਾਂ ਨੂੰ ਖਾਸ ਡਿਸਕਾਊਂਟ ਦਿੱਤਾ ਜਾਵੇਗਾ!

# ਰਫਿਊਜ਼ੀਆਂ ਦੀਆਂ ਅਰਜ਼ੀਆਂ ਲਈ ਪਰਸਤਾਵ

ਚਰਨਪਾਲ ਗਿੱਲ

21 ਮਈ ਨੂੰ ਇਮੀਗਰੇਸ਼ਨ ਮਨਿਸਟਰ, ਵਾਲਟਰ ਮਕਲੇਨ ਨੇ ਰਫਿਊਜ਼ੀਆਂ ਦੀ ਸਮੱਸਿਆ ਨੂੰ ਸੁਲਝਾਉਣ ਲਈ ਇਕ ਪਰਸਤਾਵ ਪੇਸ਼ ਕੀਤਾ। ਉਸਨੇ ਕਿਹਾ ਕਿ ਸਰਕਾਰ ਨੇ ਰਫਿਊਜ਼ੀਆਂ ਦੇ ਮਦਦੀ ਗਰੁਪ ਚਰਚ ਤੇ ਐਥਨਿਕ ਜਥੇਬੰਦੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਇਹ ਤਜਵੀਜ਼ ਪੇਸ਼ ਕੀਤੀ ਹੈ। ਇਹ ਗਰੁੱਪ 25 ਪਰਸੈਂਟ ਰਫਿਊਜ਼ੀਆਂ ਨੂੰ ਕੈਨੇਡਾ ਵਿਚ ਲਿਆਉਂਦੇ ਹਨ ਤੇ ਉਨ੍ਹਾਂ ਨੂੰ ਕੈਨੇਡੀਅਨ ਸਮਾਜ ਵਿਚ ਮਿਲ ਜੁਲਕੇ ਰਹਿਣ ਵਿਚ ਮਦਦ ਭੀ ਕਰਦੇ ਹਨ।

ਮਿਸਟਰ ਮੈਕਲੀਨ ਨੇ ਕਿਹਾ ਕਿ ਉਸਨੂੰ ਕੈਨੇਡੀਅਨ ਹੋਣ ਦੇ ਨਾਤੇ ਇਸ ਮੁਲਕ ਦੀਆਂ ਜਮਹੂਰੀ ਅਤੇ ਮਨੁਖਤਾ ਪਸੰਦੀ ਨੀਤੀਆਂ ਦਾ ਬੜਾ ਮਾਣ ਹੈ। ਪਿਛਲੇ ਛੇ ਸਾਲਾਂ ਤੋਂ ਕੈਨੇਡਾ ਵਿਚ 125,000 ਇਮੀਗਰੈਂਟ ਆਏ ਹਨ। ਹਜ਼ਾਰਾਂ ਨੂੰ ਮਨੁੱਖੀ ਅਤੇ ਸਪੈਸ਼ਲ ਹਾਲਾਤਾਂ ਕਾਰਨ ਮਦਦ ਦਿਤੀ ਗਈ ਹੈ। ਰਫਿਊਜ਼ੀਆਂ ਦਾ ਫੈਸਲਾ ਕਰਨ ਦਾ ਸਿਸਟਮ ਇਸ ਧਾਰਾ ਨੂੰ ਮੁਖ ਰਖੇਗਾ। ਇਸ ਨਵੇਂ ਸਿਸਟਮ ਕਰਕੇ ਸਰਕਾਰ ਨੂੰ ਕਰੋੜਾਂ ਡਾਲਰਾਂ ਦੀ ਬਚਤ ਹੋਵੇਗੀ ਕਿਉਂਕਿ ਵਰਤਮਾਨ ਸਿਸਟਮ ਬੇਅਸਰਦਾਰ ਹੋਣ ਤੋਂ ਬਿਨਾਂ ਮਹਿੰਗਾ ਭੀ ਹੈ। ਕੈਨੇਡਾ ਭਾਗਾਂ ਭਰਿਆ ਤੇ ਤਰੱਕੀ ਵਾਲਾ ਮੁਲਕ ਹੋਣ ਕਰਕੇ ਬਦਕਿਸਮਤ ਰਫਿਊਜ਼ੀਆਂ ਦੀ ਮਦਦ ਅਵੱਸ਼ ਕਰਦਾ ਰਹੇਗਾ।

ਜਦ ਸਰਕਾਰ ਇਹ ਉਤਲਾ ਪਰਸਤਾਵ ਲਿਖ ਰਹੀ ਸੀ ਤਾਂ ਉਸਨੇ ਕੈਨੇਡਾ ਦੀਆਂ ਅੰਤਰਰਾਸ਼ਟਰੀ ਸੰਧੀਆਂ, ਮਨੁੱਖੀ ਤੇ ਜਮਹੂਰੀ ਹੱਕਾਂ ਦਾ ਚਾਰਟਰ ਤੇ ਕੈਨੇਡਾ ਦਾ ਬਿਲ ਆਫ ਰਾਈਟਸ ਦਾ ਕਾਨੂੰਨ ਤੇ ਇਨ੍ਹਾਂ ਤੇ ਆਧਾਰ ਤੇ ਚਲਣ ਤੇ ਇਨ੍ਹਾਂ ਦੀਆਂ ਜਿੰਮੇਂਵਾਰੀਆਂ ਵੱਲ ਵਿਸ਼ੇਸ਼ ਧਿਆਨ ਦਿਤਾ ਸੀ। ਖਾਸ ਕਰਕੇ ਸੱਚੇ ਤੇ ਝੂਠੇ ਰਫਿਊਜ਼ੀਆਂ ਦਾ ਨਿਖਾਰ ਕਰਨ ਲਈ ਸਰਕਾਰ ਨੂੰ ਬਹੁਤ ਸੋਚ ਨਾਲ ਪਰਸਤਾਵ ਲਿਖਣਾ ਪਿਆ। ਵਾਲਟਰ ਮੈਕਲੀਨ ਦੇ ਵਿਚਾਰਾਂ ਅਨੁਕੂਲ ਸਰਕਾਰ ਨੇ ਇਹ ਪਰਸਤਾਵ ਸੱਚਾ ਤੇ ਯੋਗ ਬਨਾਉਣ ਲਈ ਬਹੁਤ ਮਿਹਨਤ ਕੀਤੀ ਹੈ। ਰਫਿਊਜ਼ੀਆਂ ਦੇ ਦਾਅਵੇ ਦਾ ਫੈਸਲਾ ਕਰਨ ਵਿਚ ਇਹ ਹੇਠ ਲਿਖੇ ਪਰਮੁਖ ਕਾਰਨ ਹੋਣਗੇ।

- ਜ਼ਬਾਨੀ ਕਲਾਮੀ ਰਫਿਊਜ਼ੀ ਆਪਣੇ ਦਾਅਵੇ ਦੀ ਸੁਣਵਾਈ ਕਰਾ ਸਕਣਗੇ।
- ਫੈਸਲੇ ਸੁਤੰਤਰ ਤੇ ਵਿਸਥਾਰ ਨਾਲ ਦੱਸੇ ਜਾਣਗੇ।
- ਇਕ ਨਵਾਂ ਰਫਿਊਜ਼ੀਆਂ ਦਾ ਫੈਸਲਾਕੁਨ ਬੋਰਡ ਸਥਾਪਤ ਹੋਵੇਗਾ ਜਿਸਦੇ ਮੈਂਬਰ ਫੁਲ ਟਾਈਮ ਤੇ ਅੱਧਾ ਟਾਈਮ ਭੀ ਕੰਮ ਕਰਨਗੇ।
- ਦੋ ਮੈਂਬਰੀ ਪੈਨਲ ਸਥਾਪਤ ਕੀਤਾ ਜਾਵੇਗਾ।
- ਇਹ ਬੋਰਡ ਕਿਸੇ ਨੂੰ ਸਜ਼ਾ ਨਹੀਂ ਦੇਵੇਗਾ।
- ਜੇ ਇਕ ਮੈਂਬਰ ਭੀ ਰਫਿਊਜ਼ੀ ਦੇ ਦਾਅਵੇ ਦੇ ਹੱਕ ਵਿਚ ਹੋਵੇ ਤਾਂ ਉਹ ਕੇਸ ਜਿਤ ਸਕਦਾ ਹੈ।
- ਜੇ ਕਿਸੇ ਨੂੰ ਰਫਿਊਜ਼ੀ ਦੇ ਦਾਅਵੇ ਵਾਰੇ ਸ਼ੰਕਾ ਹੋਵੇ ਪਰ ਸਬੂਤ ਨਾ ਹੋਵੇ ਤਾਂ ਫੈਸਲਾ ਰਫਿਊਜ਼ੀ ਦੇ ਹੱਕ ਵਿਚ ਹੋਵੇਗਾ।
- ਜੇ ਫੈਸਲਾ ਰਫਿਊਜ਼ੀ ਦੇ ਉਲਟ ਹੋਵੇ ਤਾਂ ਫੈਡਰਲ ਕੋਰਟ ਵਿਚ ਅਪੀਲ ਹੋ ਸਕੇਗੀ।
- ਜਿਨ੍ਹਾਂ ਦਾ ਦਾਅਵਾ ਪਹਿਲੋਂ ਮੰਨਿਟਾ ਨਹੀਂ ਗਿਆ ਸੀ ਉਨ੍ਹਾਂ ਨੂੰ ਦੁਬਾਰਾ ਅਪੀਲ ਕਰਨ ਦਾ ਹੱਕ ਹੈ। ਜੇ ਕਿਸੇ ਨੂੰ ਹੋਰ ਮੁਲਕ ਵਿਚ ਸੁਰੱਖਿਆ ਮਿਲ ਚੁੱਕੀ ਹੋਵੇ ਤਾਂ ਉਸਦਾ ਸਤਿਕਾਰ ਕੀਤਾ ਜਾਵੇਗਾ।
- ਰਫਿਊਜ਼ੀਆਂ ਦੀਆਂ ਅਰਜ਼ੀਆਂ ਤੁਰਤ ਹੀ ਸੁਣੀਆਂ ਜਾਣਗੀਆਂ।

ਇਸ ਤੋਂ ਇਲਾਵਾ ਕੇਸਾਂ ਦੀ ਸੁਣਵਾਈ 15 ਜੁਲਾਈ ਤੋਂ ਸ਼ੁਰੂ ਹੋ ਜਾਵੇਗੀ, ਜਿਨ੍ਹਾਂ ਦੇ ਕੇਸ ਚਲਦੇ ਹਨ ਉਨ੍ਹਾਂ ਰਫਿਊਜ਼ੀਆਂ ਦਾ ਛੇਤੀ ਹੀ ਫੈਸਲਾ ਕੀਤਾ ਜਾਵੇਗਾ। ਇਹ ਤਜਵੀਜ਼ ਸੱਚੇ ਰਫਿਊਜ਼ੀਆਂ ਨੂੰ ਨਵੇਂ ਮੁਲਕ ਵਿਚ ਆਪਦੀ ਜ਼ਿੰਦਗੀ ਨੂੰ ਸੁਧਾਰਨ ਤੇ ਬੁਲੰਦ ਕਰਨ ਵਿਚ ਸਹਾਈ ਹੋਵੇਗੀ। ਜਿਨ੍ਹਾਂ ਦਾਅਵਿਆਂ ਵਿਚ ਕੋਈ ਸਚਾਈ ਨਾ ਹੋਈ, ਉਨ੍ਹਾਂ ਹੇ ਛੇਤੀ ਹੀ ਕੈਂਸਲ ਕੀਤਾ ਜਾਵੇਗਾ। ਇਸ ਤਜਵੀਜ਼ ਨਾਲ ਸੱਚੇ ਰਫਿਊਜ਼ੀਆਂ ਦੀ ਛੇਤੀ ਮਦਦ ਹੋਵੇਗੀ ਪਰ ਉਹ ਲੋਕ ਜੋ ਰਫਿਊਜ਼ੀ ਨਹੀਂ ਹਨ ਪਰ ਕੈਨੇਡਾ ਵਿਚ ਉਹ ਚੰਗੀ ਜ਼ਿੰਦਗੀ ਤੇ ਪੈਸੇ ਕਮਾਉਣ ਦੇ ਨਿਸ਼ਾਨੇ ਨਾਲ ਆਏ ਹਨ, ਉਨ੍ਹਾਂ ਨੂੰ ਮਨਾਹੀ ਦਿਤੀ ਜਾਵੇਗੀ।

ਕਈ ਲੋਕਾਂ ਨੇ ਇਸ ਸਕੀਮ ਨੂੰ ਇਹ ਸਮਝਿਆ ਹੈ ਕਿ ਜੋ 26,000 ਰਫਿਊਜ਼ੀ ਹਨ, ਉਨ੍ਹਾਂ ਸਾਰਿਆਂ ਨੂੰ ਸਰਕਾਰ ਇਥੇ ਰਖ ਲਵੇਗੀ। ਪਰ ਸਰਕਾਰ ਨੇ ਇਹ ਗੱਲ ਮੰਨੀ ਨਹੀਂ। ਤੇ ਦੂਸਰਿਆਂ ਲੋਕਾਂ ਨੇ ਕਿਹਾ ਕਿ ਇਸ ਸਕੀਮ ਨਾਲ ਸਿਰਫ ਸੱਤ ਪਰਸੈਂਟ ਲੋਕ ਰਹਿ ਸਕਣਗੇ ਤੇ ਚਾਲੀ ਪਰਸੈਂਟ ਨੂੰ ਵਾਪਸ ਭੇਜ ਦਿਤਾ ਜਾਵੇਗਾ।

ਜੋ ਭੀ ਰਫਿਊਜ਼ੀ 21 ਮਈ, 1986 ਦੀ ਅੱਧੀ ਰਾਤ ਤੋਂ ਪਹਿਲਾਂ ਪਹੁੰਚ ਗਿਆ ਉਸਦਾ ਦਾਅਵਾ ਸੁਣਿਆ ਜਾਵੇਗਾ। ਅਰਜ਼ੀ ਦੀ ਸੁਣਵਾਈ ਸੱਤ ਦਿਨ ਤੋਂ ਅੰਦਰ ਅੰਦਰ ਸੁਨਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਆਮ ਤੌਰ ਤੇ ਹੇਠ ਲਿਖੇ ਲੋਕਾਂ ਨੂੰ ਤਰਜੀਹ ਦਿਤੀ ਜਾਵੇਗੀ :—

(1) ਕੈਨੇਡਾ ਸਰਕਾਰ ਦੇ ਹਿਸਾਬ ਨਾਲ ਜਿਸ ਮੁਲਕ ਦੀ ਸਿਆਸੀ ਹਾਲਤ ਖਰਾਬ ਹੈ

(2) ਕੈਨੇਡਾ ਦੇ ਲੋਕਾਂ ਦੇ ਵਿਚਾਰ ਅਨੁਕੂਲ ਰਫਿਊਜ਼ੀ ਲੋਕ ਹਿਫਾਜ਼ਤ ਦੇ ਕਾਬਿਲ ਹੋਣ।

(3) ਮਨੁੱਖਵਾਦੀ ਅਸੂਲਾਂ ਅਨੁਕੂਲ ਜਿਨ੍ਹਾਂ ਵਿਅਕਤੀਆਂ ਨੂੰ ਵਾਪਸ ਨਹੀਂ ਭੇਜ ਸਕਦੇ ਜਿਵੇਂ ਜੇ ਕਿਸੇ ਸਿਆਸੀ ਬੰਦੇ ਨੂੰ ਵਾਪਸ ਭੇਜਿਆ ਜਾਵੇ, ਉਨ੍ਹਾਂ ਨੂੰ ਮੌਤ ਦਾ ਡਰ ਹੋਵੇ।

(4) ਜਿਸ ਵਿਅਕਤੀ ਦੇ ਪਰਵਾਰ ਦੇ ਮੈਂਬਰ ਕੈਨੇਡਾ ਵਿਚ ਹੋਣ ਤੇ ਉਸਨੂੰ ਬਹਾਲ ਕਰਨ ਵਿਚ ਮਦਦ ਕਰਨ।

(5) ਵਿਅਕਤੀ ਦੇ ਕੈਨੇਡਾ ਵਿਚ ਰਿਸ਼ਤੇ ਮਜ਼ਬੂਤ ਹੋਣ ਤੇ ਉਸਦੀ ਆਪਦੇ ਆਪਨੂੰ ਸਥਾਪਤ ਕਰਨ ਵਿਚ ਕਾਬਲੀਅਤ ਜ਼ਾਹਰ ਹੋਵੇ।

(6) ਇਸਤੋਂ ਇਲਾਵਾ ਹਰ ਵਿਅਕਤੀ ਮੈਡੀਕਲ ਤੇ ਸਕਿਊਰਿਟੀ ਚੇਕ ਵਿਚ ਪਾਸ ਹੋਣਾ ਚਾਹੀਦਾ ਹੈ।

(7) ਉਹ ਲੋਕ ਜੋ ਆਪਣੇ ਦਾਅਵਿਆਂ ਵਿਚ ਪਹਿਲੋਂ ਅਸਫਲ ਰਹੇ ਹਨ ਉਹਨਾਂ ਦੀਆਂ ਅਰਜ਼ੀਆਂ ਦੁਬਾਰਾ ਸੁਣੀਆਂ ਜਾਣਗੀਆਂ।

ਜਦ ਇਹ ਉਤਲੀ ਖਬਰ ਪਰਦੇਸਾਂ ਵਿਚ ਪਹੁੰਚੀ ਤਾਂ ਬਹੁਤ ਦੇਸ਼ਾਂ ਦੇ ਲੋਕ ਜਿਥੇ ਵੀਜ਼ਾ ਸਿਸਟਮ ਲਾਗੂ ਨਹੀਂ ਸੀ, ਧੜਾ ਧੜ ਪਹੁੰਚਣ ਲਗ ਪਏ। ਪਿਛਲੇ ਮਹੀਨੇ ਪੁਰਤਗਾਲ ਤੋਂ 1433 ਰਫਿਊਜ਼ੀ ਪਹੁੰਚ ਗਏ। ਜੁਲਾਈ ਤੋਂ 3600 ਪੁਰਤਗੀਜ਼ੀਆਂ ਨੇ ਅਰਜ਼ੀਆਂ ਦੇ ਦਾਅਵੇ ਕੀਤੇ। ਅੱਜ ਤੱਕ ਭਾਰਤੀ ਲੋਕਾਂ ਦੀਆਂ ਅਰਜ਼ੀਆਂ ਤਿੰਨ ਹਜ਼ਾਰ ਤੋਂ ਥੱਲੇ ਹੀ ਹਨ। ਪੁਰਤਗੀਜ਼ੀਆਂ ਦੀਆਂ ਇਕ ਮਹੀਨੇ ਵਿਚ ਹੀ ਪੰਜ ਹਜ਼ਾਰ ਤੋਂ ਉਪਰ ਟੱਪ ਗਈਆਂ ਤੇ ਅੱਜ ਹਰ ਹਫਤੇ 700 ਨਵਾਂ ਬੰਦਾ ਪੁਰਤਗਾਲ ਤੋਂ ਆਉਂਦਾ ਹੈ। ਜਦ ਇਮੀਗਰੇਸ਼ਨ ਡੀਪਾਰਟਮੈਂਟ ਨੇ ਬਰਾਇਨ ਮਲਰੂਨੀ ਨੂੰ ਵੀਜ਼ਾ ਲਾਉਣ ਲਈ ਕਿਹਾ ਤਾਂ ਉਸਨੇ ਇਨਕਾਰ ਕਰ ਦਿਤਾ। ਜੇ ਇਹੀ ਲੋਕ ਕਾਲੇ ਰੰਗ ਦੇ ਲੋਕ ਹੁੰਦੇ ਤਾਂ ਅਖਬਾਰਾਂ ਵਿਚ ਹੈਡ ਲਾਈਨਾਂ ਆਉਣੀਆਂ ਸਨ ਤੇ ਬਹੁਤ ਹੀ ਜ਼ਹਿਰੀਲਾ ਪਰਚਾਰ ਹੋਣਾ ਸੀ। ਇਸ ਤੋਂ ਪਰਤੱਖ ਹੈ ਕਿ ਕੈਨੇਡਾ ਚਿੱਟੀ ਚਮੜੀ ਵਾਲੇ ਲੋਕਾਂ ਨੂੰ ਤਰਜੀਹ ਦਿੰਦਾ ਹੈ।

ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਸਰਕਾਰ ਭਾਰਤੀ ਰਫਿਊਜ਼ੀਆਂ ਨੂੰ ਸਿਆਸੀ ਰਫਿਊਜ਼ੀ ਨਹੀਂ ਮੰਨੇਗੀ ਪਰ ਆਰਥਿਕ ਰਫਿਊਜ਼ੀ ਗਿਣੇਗੀ। ਬਹੁਤ ਹੀ ਘੱਟ ਲੋਕ ਹਨ ਜੋ ਸਿਆਸੀ ਕੈਟਾਗਰੀ ਵਿਚ ਆਉਣਗੇ। ਇਹ ਤਾਂ ਹੋ ਰਿਹਾ ਹੈ ਕਿਉਂਕਿ ਭਾਰਤੀਆਂ ਵਾਰੇ ਖਾਸ ਕਰ ਸਿੱਖਾਂ ਵਾਰੇ ਭੈੜਾ ਪਰਾਪੇਗੰਡਾ ਹੋਣ ਕਰਕੇ, ਲੋਕ ਰਾਏ ਉਲਟ ਹੈ। ਸਾਰੀਆਂ ਸਰਕਾਰਾਂ ਗੁਪਤ ਪੋਲਾਂ ਤੇ ਚਲਦੀਆਂ ਹਨ। ਜੇ ਗੁਪਤ ਪੋਲਾਂ ਵਿਚ ਇਹ ਸਰਕਾਰ ਨੂੰ ਪਤਾ ਲਗ ਜਾਵੇ ਕਿ ਸਿੱਖਾਂ ਦਾ ਪੱਤਾ ਕੱਟਣ ਵਿਚ ਉਨ੍ਹਾਂ ਨੂੰ ਕੋਈ ਸਿਆਸੀ ਨੁਕਸਾਨ ਨਹੀਂ, ਤਾਂ ਇਹ ਸਰਕਾਰ ਕਦੇ ਭੀ ਢਿੱਲ ਨਹੀਂ ਕਰੇਗੀ।

## ਸਰਹੱਦ ਉਤੇ ਇਕ ਵਿਅਕਤੀ ਹਲਾਕ

ਗੁਰਦਾਸਪੁਰ ਨਾਲ ਲਗਦੀ ਪਾਕਿਸਤਾਨੀ ਸਰਹੱਦ ਵਲੋਂ ਆਉਂਦਾ ਇਕ ਵਿਅਕਤੀ ਬੀ. ਐਸ. ਐਫ ਦੀਆਂ ਗੋਲੀਆਂ ਨਾਲ ਮਾਰਿਆ ਗਿਆ ਹੈ।

PIZZA 222 TRADEMARK
The No. 1 PIZZA Company
ਹੁਣ ਤੁਹਾਨੂੰ 'ਪੀਜ਼ਾ' ਲੈਣ ਲਈ ਹੋਰ ਕਿਸੇ ਥਾਂ ਜਾਣ ਦੀ ਲੋੜ ਨਹੀਂ
ਪੀਜ਼ਾ 222 ਦਾ "ਪਾਰਟੀ ਪੀਜ਼ਾ"
ਗਰੇਟਰ ਵੈਨਕੂਵਰ ਵਿਚ ਨੰਬਰ 1 ਪੀਜ਼ਾ
Announcement
Picture This ...
2 LARGE PIZZAS $15.99
ਸਾਡੀਆਂ ਹੋਰ ਸਪੈਸ਼ਲ ਆਈਟਮਾਂ ਲਈ ਓਪਰੇਟਰ ਤੋਂ ਪੁੱਛੋ
ਜਿਸ ਸਾਈਜ਼ ਵਿਚ ਵੀ ਤੁਹਾਨੂੰ ਪੀਜ਼ਾ ਚਾਹੀਦਾ ਹੈ — ਉਸ ਵਿਚ ਹੀ ਮਿਲੇਗਾ

16 LOCATIONS IN GREATER VANCOUVER
JUST CALL THE MAGIC NUMBER 222-2222
VISA
Also ask the operator for other specials.
... or just create your own favorite pizza in any size you desire.
MasterCard
Hours: 4 p.m. to 2 a.m. Sunday to Wednesday, 4 p.m. to 3 a.m. Thursday, Friday & Saturday